ਸਾਹਿਤਕ ਕਵੀ, ਕਹਾਣੀਕਾਰ,
ਲੇਖਕ ਅਤੇ
ਗੀਤ ਸੰਗੀਤ ਵਿੱਚ ਰੁਚੀ
ਰੱਖਣ ਵਾਲਿਆਂ ਲਈ
ਫੋਟੋ ਅਤੇ ਆਪਣੀ ਨਿੱਜੀ
ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮਿਤੀ 04 ਫਰਵਰੀ ਮੰਗਲਵਾਰ 2025

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

## ਕੈਨੇਡਾ ਵਿੱਚ ਦੂਜ਼ੇ ਨੰਬਰ ਤੇ ਬੋਲੀ ਜਾਣ ਵਾਲੀ ਭਾਸ਼ਾ ਬਣੀ ਮਾਂ ਬੋਲੀ ਪੰਜਾਬੀ : ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ

*ਬਰੈਂਪਟਨ 04 ਫ਼ਰਵਰੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) -ਵਿਦੇਸ਼ ਦੀ ਧਰਤੀ ਤੇ ਰਹਿੰਦਿਆਂ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਤੇ ਪਾਸਾਰ ਲਈ ਯਤਨਸ਼ੀਲ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਨਾਲ ਖ਼ਾਸ ਗੱਲਬਾਤ ਕੀਤੀ ਗਈ। ਇਸ ਗੱਲਬਾਤ ਵਿੱਚ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਨੇ ਕਿਹਾ ਕਿ ਪੰਜਾਬੀ ਮਾਂ ਬੋਲੀ ਦਾ ਰੁਤਬਾ ਬਹੁਤ ਮਹਾਨ ਹੈ। ਇਸ ਲਈ ਪੰਜਾਬੀ ਮਾਂ ਬੋਲੀ ਨੂੰ ਸਾਂਭਣਾ ਸਾਡਾ ਫ਼ਰਜ਼ ਹੈ ਤੇ ਇਸ ਦਾ ਪ੍ਰਚਾਰ ਕਰਨਾ ਵੀ ਸਾਡਾ ਹੀ ਫ਼ਰਜ਼ ਹੈ। ਪੰਜਾਬੀ ਮਾਂ ਬੋਲੀ ਤੇ ਸੱਭਿਆਚਾਰ ਨੂੰ ਬਚਾਉਣ ਲਈ ਨੌਜਵਾਨ ਪੀੜੀ ਨੂੰ ਆਪਣੀ ਮਾਂ ਬੋਲੀ ਨਾਲ ਜੋੜ ਕੇ ਰੱਖਣਾ ਬਹੁਤ ਜਰੂਰੀ ਹੈ। ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਨਾਲ ਹੋਈ ਗੱਲਬਾਤ ਨੂੰ ਪੂਰਾ ਪੜ੍ਹਨ ਲਈ ਪਿਛਲਾ ਅੰਕ ਜਰੂਰ ਪੜ੍ਹਿਆਂ ਜਾਵੇ।*





ਪ੍ਰਸ਼ਨ -ਵਿਦੇਸ਼ਾਂ ਵਿੱਚ ਬੈਠੇ ਸਾਹਿਤਕਾਰ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਿੱਚ ਕਿਸ ਤਰ੍ਹਾਂ ਦੀ ਭੂਮਿਕਾ ਨਿਭਾ ਰਹੇ ਹਨ ?

ਉੱਤਰ : ਵਿਦੇਸ਼ਾਂ ਵਿੱਚ ਬੈਠੇ ਸਾਹਿਤਕਾਰ ਪੰਜਾਬੀ ਭਾਸ਼ਾ ਨੂੰ ਪ੍ਰਮੋਟ ਕਰਨ ਵਿੱਚ ਆਪਣੀ ਅਹਿਮ ਭੂਮਿਕਾ ਅਦਾ ਕਰ ਰਹੇ ਨੇ, ਪਰ ਮੌਜੂਦਾ ਸਮੇਂ ਵਿੱਚ ਸਾਨੂੰ ਸੁਣਾਉਣ ਦੇ ਨਾਲ ਹੀ ਸੁਣਨ ਦੀ ਆਦਤ ਵੀ ਪਾਉਣੀ ਪਵੇਗੀ। ਕਿਉਂਕਿ ਅੱਜ ਕੱਲ ਸਰੋਤਾਵਾਂ ਦੀ ਕਾਫੀ ਘਾਟ ਪੈਦਾ ਹੋ ਰਹੀ ਹੈ। ਜੇਕਰ ਤੁਸੀਂ ਸੁਣਨ ਦੀ ਆਦਤ ਪਾਓਗੇ ਤਾਂ ਤੁਹਾਨੂੰ ਬਹੁਤ ਕੁੱਝ ਸਿੱਖਣ ਨੂੰ ਮਿਲੇਗਾ। ਸਾਹਿਤਕਾਰਾਂ ਵੱਲੋਂ ਬਹੁਤ ਸਾਹਿਤ ਲਿਖਿਆ ਗਿਆ, ਪਰ ਮੌਜੂਦਾ ਸਮੇਂ ਵਿੱਚ ਸਾਹਿਤ ਨੂੰ ਪੜ੍ਹਨ ਅਤੇ ਸੁਣਨ ਲਈ ਸਰੋਤਾਵਾਂ ਨੂੰ ਪੈਦਾ ਕਰਨ ਦੀ ਜ਼ਰੂਰਤ ਹੈ। ਇਹ ਸਰੋਤਾਂ ਉਦੋਂ ਹੀ ਪੈਦਾ ਹੋਣਗੇ ਜਦੋਂ ਉਹਨਾਂ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜਿਆ ਜਾਵੇਗਾ।

ਪ੍ਰਸ਼ਨ : ਜਿਵੇਂ ਤੁਸੀਂ ਅਕਸਰ ਕਹਿੰਦੇ ਹੋ ਕਿ ਪੰਜਾਬੀ ਮਾਪੇ ਪੰਜਾਬੀ ਹੋ ਕੇ ਵੀ ਪੰਜਾਬੀ ਨਹੀਂ ਹਨ, ਤਾਂ ਬੱਚਿਆਂ ਨੂੰ ਪੰਜਾਬੀ ਨਾਲ ਕਿਸ ਤਰ੍ਹਾਂ ਜੋੜਿਆ ਜਾ ਸਕਦਾ ?

ਉੱਤਰ : ਮੇਰੇ ਕਹਿਣ ਦਾ ਮਤਲਬ ਇਹ ਹੁੰਦਾ ਕਿ, ਪੰਜਾਬ ਦੇ ਵਿੱਚ ਰਹਿ ਕੇ ਪੰਜਾਬੀ ਬੋਲਣ ਵਾਲੇ ਮਾਪੇ ਵੀ ਜਦੋਂ ਕਾਨਵੈਂਟ ਸਕੂਲ ਵਿੱਚ ਪੜ੍ਹਨ ਵਾਲਾ ਬੱਚਾ ਘਰੇ ਆਉਂਦਾ ਤਾਂ ਉਸ ਦੇ ਨਾਲ ਮਾਂ ਬੋਲੀ ਪੰਜਾਬੀ ਵਿੱਚ ਗੱਲ ਕਰਨ ਦੀ ਜਗਹਾ ਤੇ ਅੰਗਰੇਜ਼ੀ ਜਾਂ ਹਿੰਦੀ ਵਿੱਚ ਹੀ ਗੱਲਬਾਤ ਕਰਦੇ ਨੇ, ਹਾਲਾਂਕਿ ਅਜਿਹਾ ਉਹ ਇਸ ਲਈ ਕਰਦੇ ਨੇ ਕਿ ਬੱਚੇ ਦਾ ਸਟੈਂਡਰਡ ਬਣਿਆ ਰਹੇ, ਪਰ ਉਹ ਇਹ ਗੱਲ ਭੁੱਲ ਜਾਂਦੇ ਨੇ ਕਿ ਅਜਿਹਾ ਕਰਕੇ ਉਹ ਆਪਣੇ ਬੱਚੇ ਨੂੰ ਆਪਣੀ ਮਾਂ ਬੋਲੀ ਪੰਜਾਬੀ, ਆਪਣੇ ਸੱਭਿਆਚਾਰ ਤੇ ਆਪਣੇ ਅਮੀਰ ਵਿਰਸੇ ਤੋਂ ਦੂਰ ਕਰਦੇ ਜਾ ਰਹੇ ਨੇ। ਪੰਜਾਬ ਵਿੱਚ ਮਾਂ ਬੋਲੀ ਪੰਜਾਬੀ ਭਾਸ਼ਾ ਹੀ ਵਿਸਰਦੀ ਜਾ ਰਹੀ ਹੈ। ਜਦਕਿ ਸਾਡੇ ਵਿਦੇਸ਼ ਦੀ ਧਰਤੀ ਕੈਨੇਡਾ ਵਿੱਚ ਪੰਜਾਬੀ ਭਾਸ਼ਾ ਦੂਸਰੇ ਨੰਬਰ ਤੇ ਬੋਲਣ ਵਾਲੀ ਭਾਸ਼ਾ ਬਣ ਗਈ ਹੈ। ਇਹ ਇਸ ਕਰਕੇ ਹੋਇਆ ਕਿਉਂਕਿ ਅਸੀਂ ਆਪਣੇ ਮੂਲ ਨਾਲ ਜੁੜੇ ਹੋਏ ਹਾਂ, ਆਪਣੇ ਸੱਭਿਆਚਾਰ ਨਾਲ ਜੁੜੇ ਹੋਏ ਹਾਂ, ਆਪਣੀ ਮਾਂ ਬੋਲੀ ਪੰਜਾਬੀ ਨਾਲ ਜੁੜੇ ਹੋਏ ਹਾਂ। ਪੰਜਾਬ ਦੇ ਵਿੱਚ ਪੰਜਾਬੀ ਮਾਂ ਬੋਲੀ ਦੇ ਪਾਸਾਰ ਤੇ ਪ੍ਰਚਾਰ ਲਈ ਮਾਪਿਆਂ ਨੂੰ ਆਪਣੇ ਘਰ ਤੋਂ ਹੀ ਸ਼ੁਰੂਆਤ ਕਰਨੀ ਪਵੇਗੀ।

ਪ੍ਰਸ਼ਨ : ਜਦੋਂ ਤੁਸੀਂ ਪੰਜਾਬ ਆਉਂਦੇ ਹੋ ਤਾਂ ਤੁਹਾਡਾ ਇਹ ਕਹਿਣਾ ਹੁੰਦਾ ਕਿ ਪੰਜਾਬ ਵਿੱਚ ਹੀ ਪੰਜਾਬੀ ਵਿਸਾਰੀ ਜਾ ਰਹੀ ਹੈ। ਇਸ ਦਾ ਤੁਸੀਂ ਕੀ ਕਾਰਨ ਸਮਝਦੇ ਹੋ ?

ਉੱਤਰ : ਪੰਜਾਬ ਵਿੱਚ ਮਾਪਿਆਂ ਵਿੱਚ ਇੱਕ ਭੇੜਚਾਲ ਪੈਦਾ ਹੋ ਚੁੱਕੀ ਹੈ ਕਿ ਬੱਚੇ ਨੂੰ ਵਿਦੇਸ਼ ਭੇਜਣਾ। ਉਹਨਾਂ ਦਾ ਇਹ ਕਹਿਣਾ ਹੈ ਕਿ ਬੱਚੇ ਨੇ ਆਈਲੈਟਸ ਕਰਕੇ ਵਿਦੇਸ਼ ਚਲੇ ਜਾਣਾ ਹੈ, ਤਾਂ ਉਸ ਨੂੰ ਪੰਜਾਬੀ ਪੜ੍ਹਨ, ਲਿਖਣ ਤੇ ਸਿੱਖਣ ਦੀ ਕੀ ਲੋੜ ਹੈ। ਪਰ ਬੱਚੇ ਨੂੰ ਦੋਭਾਸ਼ੀ ਹੋਣਾ ਚਾਹੀਦਾ, ਭਾਵ ਕਿ ਜੇਕਰ ਤੁਹਾਨੂੰ ਆਪਣੀ ਮਾਂ ਬੋਲੀ ਪੰਜਾਬੀ ਚੰਗੀ ਤਰ੍ਹਾਂ ਆਉਂਦੀ ਹੈ ਤੇ ਤੁਸੀਂ ਇੰਗਲਿਸ਼ ਵੀ ਪੜ੍ਹ ਲਿਖ ਲੈਂਦੇ ਹੋ ਤਾਂ ਵਿਦੇਸ਼ਾਂ ਵਿੱਚ ਤੁਹਾਨੂੰ ਨੌਕਰੀ ਬਹੁਤ ਜਲਦੀ ਮਿਲ ਜਾਂਦੀ ਹੈ। ਜੇਕਰ ਮੈਂ ਕੈਨੇਡਾ ਦੀ ਗੱਲ ਕਰਾਂ ਤਾਂ ਬਿਜਨੈਸਮੈਨ ਹੋਣ ਕਾਰਨ ਕਰੀਬ ਅੱਠ ਲੋਕੇਸ਼ਨਾਂ ਤੇ ਮੇਰੇ ਕੋਲ 100 ਤੋਂ ਵੱਧ ਮੁਲਾਜ਼ਮ ਕੰਮ ਕਰਦੇ ਹਨ, ਮੈਂ ਵੀ ਪੰਜਾਬੀ ਹਾਂ ਤੇ ਮੇਰੇ ਮੁਲਾਜ਼ਮ ਵੀ ਪੰਜਾਬੀ ਬੋਲ, ਪੜ੍ਹ ਤੇ ਲਿੱਖ ਲੈਂਦੇ ਨੇ ਜਦਕਿ ਸਾਡੇ ਕੋਲ ਆਉਣ ਵਾਲੇ ਕਸਟਮਰ ਵੀ ਪੰਜਾਬੀ ਹੀ ਹਨ, ਅਜਿਹੇ ਵਿੱਚ ਸਾਨੂੰ ਅੰਗਰੇਜ਼ੀ ਦੀ ਕੋਈ ਲੋੜ ਹੀ ਨਹੀਂ ਹੈ। ਪਰ ਲੋਕਾਂ ਵਿੱਚ ਇਹ ਵਹਿਮ ਪੈਦਾ ਹੋ ਚੁੱਕਿਆ ਹੈ ਕਿ ਆਈਲੈਟਸ ਕਰਨ ਵਾਲੇ ਨੂੰ ਪੰਜਾਬੀ ਦੀ ਲੋੜ ਹੀ ਨਹੀਂ ਹੈ। ਜਦਕਿ ਪੰਜਾਬੀ ਦੀ ਤੁਹਾਨੂੰ ਹਰ ਜਗਹਾ ਤੇ ਲੋੜ ਪੈਂਦੀ ਹੈ। ਕੈਨੇਡਾ ਦੀ ਹੀ ਗੱਲ ਕਰੀਏ ਤਾਂ ਉਥੇ ਹਰ ਇੱਕ ਚੀਜ਼ ਦੀ ਜਾਣਕਾਰੀ 200 ਭਾਸ਼ਾਵਾਂ ਵਿੱਚ ਮਿਲ ਜਾਂਦੀ ਹੈ। ਇਥੋਂ ਤੱਕ ਕਿ ਜਦੋਂ ਅਸੀ ਕੈਨੇਡਾ ਦੀ ਧਰਤੀ ਤੇ ਉੱਤਰਦੇ ਤਾਂ ਉਥੇ ਵੀ ਪੰਜਾਬੀ ਭਾਸ਼ਾ ਵਿੱਚ "ਤੁਹਾਡਾ ਸਵਾਗਤ ਹੈ' ਲਿਖਿਆ ਹੁੰਦਾ। ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਸਾਨੂੰ ਪੰਜਾਬੀ ਭਾਸ਼ਾ ਦੀ ਜਰੂਰਤ ਨਹੀਂ ਪੈਂਦੀ। ਉਹ ਮੁਲਕ ਬਹੁਤ ਕਾਮਯਾਬ ਹੁੰਦੇ ਨੇ ਜਿਹੜੇ ਆਪਣੀ ਮਾਤ ਭਾਸ਼ਾ ਨੂੰ ਪਹਿਲ ਦਿੰਦੇ ਹਨ। ਜੇਕਰ ਆਪਾਂ ਜਰਮਨ, ਚਾਈਨਾ, ਸਪੇਨ, ਮੈਕਸੀਕੋ ਜਾ ਕਿਸੇ ਵੀ ਹੋਰ ਵਿਦੇਸ਼ੀ ਦੇਸ਼ 'ਚ ਚਲੇ ਜਾਈਏ ਤਾਂ ਉਥੋਂ ਦੇ ਲੋਕ ਅੰਗਰੇਜ਼ੀ ਭਾਸ਼ਾ ਦਾ ਅੱਖਰ ਤੱਕ ਨਹੀਂ ਜਾਣਦੇ ਉਹ ਆਪਣੀ ਮੂਲ ਭਾਸ਼ਾ ਵਿੱਚ ਹੀ ਸਾਰੇ ਕੰਮ ਕਰਦੇ ਹਨ।

(ਬਾਕੀ ਅਗਲੇ ਅੰਕ ਵਿੱਚ)



# Tariff War: ਟਰੰਪ ਦਾ ਯੂ ਟਰਨ, ਕੈਨੇਡਾ ਤੇ ਮੈਕਸਿਕੋ 'ਤੇ ਟੈਕਸ ਲਾਉਣ ਦੇ ਫੈਸਲੇ 'ਤੇ 30 ਦਿਨਾਂ ਲਈ ਰੋਕ

ਕੈਨੇਡਾ,04 ਫਰਵਰੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਤੇ ਮੈਕਸਿਕੋ ਤੋਂ ਦਰਾਮਦ ਵਸਤਾਂ 'ਤੇ 25 ਫੀਸਦ ਟੈਕਸ ਲਾਉਣ ਦੇ ਆਪਣੇ ਫੈਸਲੇ 'ਤੇ ਅਗਲੇ 30 ਦਿਨਾਂ ਲਈ ਰੋਕ ਲਾ ਦਿੱਤੀ ਹੈ। ਟਰੰਪ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਮੈਕਸਿਕੋ ਦੀ ਆਪਣੀ ਹਮਰੁਤਬਾ ਕਲੌਡੀਆ ਸ਼ੀਨਬੌਮ ਨਾਲ ਗੱਲਬਾਤ ਮਗਰੋਂ ਇਹ ਫੈਸਲਾ ਲਿਆ ਹੈ।

ਟਰੰਪ ਨੇ ਟੈਰਿਫ ਦੇ ਮੁੱਦੇ ਨੂੰ ਲੈ ਕੇ ਟਰੂਡੋ ਨਾਲ ਇਕ ਦਿਨ ਵਿਚ ਦੋ ਗੇੜ ਦੀ ਗੱਲਬਾਤ ਕੀਤੀ। ਜਾਣਕਾਰੀ ਮੁਤਾਬਕ ਕੈਨੇਡਾ ਤੇ ਮੈਕਸਿਕੋ ਨੇ ਅਮਰੀਕਾ ਵੱਲੋਂ ਟੈਰਿਫ ਦੀ ਸ਼ਰਤ ਹਟਾਉਣ ਬਦਲੇ ਅਮਰੀਕਾ ਨਾਲ ਲੱਗਦੀ ਆਪਣੀਆਂ ਸਰਹੱਦਾਂ 'ਤੇ ਸਖ਼ਤੀ ਦਾ ਭਰੋਸਾ ਦਿੱਤਾ ਹੈ। ਉਂਝ ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਅਮਰੀਕਾ ਵਲੋਂ ਚੀਨ ਤੋਂ ਦਰਾਮਦ ਵਸਤਾਂ 'ਤੇ ਲੱਗਣ ਵਾਲਾ 10 ਫੀਸਦ ਟੈਰਿਫ ਲਾਗੂ ਹੋਏਗਾ ਜਾਂ ਉਸ ਨੂੰ ਵੀ ਟਾਲ ਦਿੱਤਾ ਗਿਆ ਹੈ ? ਚੀਨ ਤੋਂ ਸਾਰਾ ਸਮਾਨ ਸਮੁੰਦਰੀ ਜਾਂ ਹਵਾਈ ਰਸਤੇ ਹੀ ਅਮਰੀਕਾ ਪਹੁੰਚਦਾ ਹੈ। ਚੇਤੇ ਰਹੇ ਕੈਨੇਡਾ, ਮੈਕਸਿਕੋ ਤੇ ਚੀਨ 'ਤੇ ਟੈਕਸ ਲਾਉਣ ਦੇ ਫੈਸਲੇ ਮਗਰੋਂ ਵਪਾਰਕ ਜੰਗ ਛਿੜਣ ਦੇ ਖ਼ਦਸ਼ਿਆਂ ਦਰਮਿਆਨ ਟਰੰਪ ਨੇ ਲੰਘੇ ਦਿਨ ਕੈਨੇਡਾ ਤੇ ਮੈਕਸਿਕੋ ਨਾਲ ਗੱਲਬਾਤ ਦੀ ਇੱਛਾ ਜਤਾਈ ਸੀ।

ਟਰੂਡੋ ਨੇ ਕਿਹਾ ਕਿ ਉਨ੍ਹਾਂ ਦੀ ਰਾਸ਼ਟਰਪਤੀ ਟਰੰਪ ਨਾਲ ਚੰਗੀ ਗੱਲਬਾਤ ਹੋਈ। ਉਨ੍ਹਾਂ ਕਿਹਾ ਕਿ ਕੈਨੇਡਾ ਸਰਹੱਦੀ 1.3 ਬਿਲੀਅਨ ਡਾਲਰ ਦੀ ਯੋਜਨਾ ਲਾਗੂ ਕਰ ਰਿਹਾ ਹੈ - ਜਿਸ ਵਿਚ ਨਵੇਂ ਹੈਲੀਕਾਪਟਰਾਂ, ਤਕਨਾਲੋਜੀ ਅਤੇ ਕਰਮਚਾਰੀਆਂ ਨਾਲ ਸਰਹੱਦ ਨੂੰ ਮਜ਼ਬੂਤ ਕਰਨਾ, ਅਮਰੀਕੀ ਭਾਈਵਾਲਾਂ ਨਾਲ ਤਾਲਮੇਲ ਵਧਾਉਣਾ ਅਤੇ ਫੈਂਟਾਨਿਲ (ਦਰਦ ਨਿਵਾਰਕ ਦਵਾਈ) ਦੇ ਪ੍ਰਵਾਹ ਨੂੰ ਰੋਕਣ ਲਈ ਸਰੋਤਾਂ ਵਿੱਚ ਵਾਧਾ ਕਰਨਾ ਆਦਿ ਸ਼ਾਮਲ ਹਨ। ਟਰੂਡੋ ਨੇ ਕਿਹਾ ਕਿ ਉਹ ਕੈਨੇਡਾ-ਯੂਐਸ ਜੁਆਇੰਟ ਸਟਰਾਈਕ ਫੋਰਸ ਸ਼ੁਰੂ ਕਰ ਰਹੇ ਹਨ, ਜਿਸ ਨੂੰ ਸੰਗਠਿਤ ਅਪਰਾਧ ਅਤੇ ਮਨੀ ਲਾਂਡਰਿੰਗ ਨਾਲ ਨਜਿੱਠਣ ਦਾ ਕੰਮ ਸੌਂਪਿਆ ਜਾਵੇਗਾ। ਟਰੂਡੋ ਨੇ ਕਿਹਾ ਕਿ ਕੈਨੇਡਾ ਨਸ਼ਾ ਤਸਕਰਾਂ ਨੂੰ ਅੱਤਵਾਦੀ ਐਲਾਨਣ ਅਤੇ ਕੈਨੇਡਾ-ਅਮਰੀਕਾ ਮੁਹਿੰਮ ਸ਼ੁਰੂ ਕਰਨ ਲਈ 'ਫੈਂਟਾਨਿਲ ਜਾਰ' ਨਿਯੁਕਤ ਕਰੇਗਾ। ਸੰਗਠਿਤ ਅਪਰਾਧ, ਫੈਂਟਾਨਿਲ ਅਤੇ ਮਨੀ ਲਾਂਡਰਿੰਗ ਨਾਲ ਨਜਿੱਠਣ ਲਈ ਸੰਯੁਕਤ ਸਟਰਾਈਕ ਫੋਰਸ 'ਤੇ 20 ਕਰੋੜ ਡਾਲਰ ਖ਼ਰਚ ਹੋਣਗੇ। ਟਰੂਡੋ ਨੇ ਕੈਨੇਡਾ ਦੇ ਉਤਪਾਦਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਸ਼ੰਕੇ ਵਿੱਚ ਰਹਿ ਕੇ ਉਤਪਾਦਨ ਵਿੱਚ ਖੜੋਤ ਨਾ ਆਉਣ ਦੇਣ। ਉਨ੍ਹਾਂ ਭਰੋਸਾ ਦਿੱਤਾ ਕਿ ਆਉਂਦੇ ਦਿਨਾਂ ਵਿੱਚ ਅਮਰੀਕਨ ਰਾਸ਼ਟਰਪਤੀ ਦੇ ਸਾਰੇ ਸ਼ੰਕੇ ਦੂਰ ਕਰ ਦਿੱਤੇ ਜਾਣਗੇ। ਟਰੂਡੋ ਨੇ ਮੰਨਿਆ ਕਿ ਨਸ਼ਾ ਅਤੇ ਗੈਰ-ਕਨੂੰਨੀ ਲਾਂਘੇ ਵਿਕਸਤ ਦੇਸ਼ਾਂ ਲਈ ਚੰਗੇ ਨਹੀਂ ਹੁੰਦੇ, ਜਿਸ 'ਤੇ ਰੋਕ ਲੱਗਣੀ ਜ਼ਰੂਰੀ ਹੈ।



ਉਧਰ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪੀਅਰੇ ਪੋਲੀਵਰ ਨੇ ਟਰੂਡੋ ਨੂੰ ਸਰਹੱਦ 'ਤੇ ਫ਼ੌਜੀ ਸੈਨਿਕ, ਹੈਲੀਕਾਪਟਰ ਅਤੇ ਨਿਗਰਾਨ ਭੇਜਣ ਦੀ ਅਪੀਲ ਕੀਤੀ ਹੈ। ਪੋਲੀਵਰ ਨੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਦੇ ਸਰਹੱਦੀ ਏਜੰਟਾਂ ਨੂੰ ਕਿਹਾ ਕਿ ਉਹ ਅਧਿਕਾਰਤ ਸਰਹੱਦੀ ਕਰਾਸਿੰਗ ਤੱਕ ਸੀਮਤ ਨਾ ਰਹਿਣ ਬਲਕਿ ਸਰਹੱਦ 'ਤੇ ਹਰ ਜਗਹਾ ਗਸ਼ਤ ਕਰਨ ਅਤੇ ਘੱਟੋ-ਘੱਟ2,000 ਨਵੇਂ ਸੀਬੀਐਸਏ ਏਜੰਟਾਂ ਨੂੰ ਨਿਯੁਕਤ ਕਰਨ ਤਾਂ ਕਿ ਨਸ਼ੀਲੇ ਪਦਾਰਥਾਂ ਅਤੇ ਬੰਦੂਕਾਂ ਦੀ ਤਸਕਰੀ ਨੂੰ ਰੋਕਿਆ ਜਾ ਸਕੇ। ਇਸ ਦੌਰਾਨ ਮੈਕਸੀਕਨ ਰਾਸ਼ਟਰਪਤੀ ਸ਼ੀਨਬੌਮ ਨੇ ਟਰੰਪ ਨਾਲ ਹੋਈ ਗੱਲਬਾਤ ਮੌਕੇ ਸਰਹੱਦ 'ਤੇ 1000 ਹੋਰ ਫੌਜੀ ਤਾਇਨਾਤ ਕਰਨ ਅਤੇ ਕੁਝ ਹੋਰ ਕਮੀਆਂ ਦੂਰ ਕਰਨ ਦੀ ਗੱਲ ਮੰਨੀ ਹੈ, ਜਿਸ ਮਗਰੋਂ ਟਰੰਪ ਨੇ ਇੱਕ ਮਹੀਨੇ ਲਈ ਟੈਕਸ ਰੋਕਣਾ ਮੰਨ ਲਿਆ। ਮੈਕਸਿਕੋ ਤੇ ਕੈਨੇਡਾ ਵਲੋਂ ਅਮਰੀਕਾ ਨੂੰ ਫੈਂਟਾਨਿਲ (ਮਾਰੂ ਨਸ਼ਾ) ਸਮੇਤ ਗੈਰ-ਕਨੂੰਨੀ ਲਾਂਘੇ 'ਤੇ ਪੂਰੀ ਤਰਾਂ ਕਾਬੂ ਪਾਉਣ ਦੇ ਭਰੋਸੇ ਦਿੱਤੇ ਗਏ ਹਨ।

ਉਧਰ ਕੈਨੇਡਾ ਦੇ ਕਾਮਿਆਂ ਦੀਆਂ ਯੂਨੀਅਨਾਂ ਦੇ ਆਗੂਆਂ ਨੇ ਟੈਕਸ ਜੰਗ ਸਬੰਧੀ ਬਿਆਨ ਦੇਣੇ ਸ਼ੁਰੂ ਕਰ ਦਿੱਤੇ ਹਨ। ਕੈਨੇਡਾ ਦੇ ਨਿੱਜੀ ਕਾਮਿਆਂ ਦੀ ਸਭ ਤੋਂ ਵੱਡੀ ਯੂਨੀਅਨ ਯੂਨੀਫਾਰ ਦੀ ਕੌਮੀ ਪ੍ਰਧਾਨ ਲੈਨਾ ਪਾਇਨੇ ਨੇ ਕਿਹਾ ਕਿ ਬੇਸ਼ੱਕ 30 ਦਿਨ ਦੀ ਮੋਹਲਤ ਨਾਲ ਕੁਝ ਰਾਹਤ ਮਿਲੀ ਹੈ, ਪਰ ਟੈਕਸ ਜੰਗ ਦੀਆਂ ਧਮਕੀਆਂ ਤੋਂ ਡਰਨ ਅਤੇ ਇਹ ਪ੍ਰਭਾਵ ਲੈਣ ਦੀ ਲੋੜ ਨਹੀਂ ਕਿ ਕੈਨੇਡਾ ਆਪਣੇ ਅਕੀਦਿਆਂ ਤੋਂ ਪਿੱਛੇ ਹਟੇਗਾ। ਉਨ੍ਹਾਂ ਦੇਸ਼ ਵਾਸੀਆਂ ਨੂੰ ਇੱਕਜੁਟ ਹੋਣ ਲਈ ਕਿਹਾ। ਟੈਰਿਫ ਇਕ ਮਹੀਨੇ ਲਈ ਟਲਣ ਤੋਂ ਬਾਦ ਕੈਨੇਡਾ ਦੇ ਸ਼ਰਾਬ ਠੇਕੇਦਾਰਾਂ ਨੇ ਅਮਰੀਕਨ ਸ਼ਰਾਬ ਉੱਤੇ ਲਾਈ ਪਾਬੰਦੀ ਤੁਰੰਤ ਹਟਾ ਲਈ ਤੇ ਅਮਰੀਕਾ ਦੀ ਥਾਂ ਕੈਨੇਡਿਆਈ ਉਤਪਾਦਨ ਨੂੰ ਪਹਿਲ ਦੇਣ ਵਾਲੀਆਂ ਤਖਤੀਆਂ ਹਟਾ ਦਿੱਤੀਆਂ ਗਈਆਂ।

ਗੌਰਤਲਬ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵਲੋਂ ਕੈਨੇਡਾ ਤੇ ਮੈਕਸਿਕੋ ਤੋਂ ਦਰਾਮਦ ਵਸਤਾਂ ਉੱਤੇ 25 ਫੀਸਦ ਅਤੇ ਤੇਲ ਸਮੇਤ ਊਰਜਾ ਤੇ ਖਣਿਜਾਂ ਉੱਤੇ 10 ਫੀਸਦ ਟੈਕਸ ਲਾਉਣ ਦੇ ਐਲਾਨ ਤੋਂ ਬਾਅਦ ਕੈਨੇਡਾ ਸਰਕਾਰ ਨੇ ਵੀ ਮੋੜਵੇਂ ਜਵਾਬ ਵਜੋਂ ਅਮਰੀਕਾ ਤੋਂ ਆਉਂਦੇ ਸਮਾਨ 'ਤੇ ਵੀ ਟੈਕਸ ਲਾਉਣ ਦਾ ਐਲਾਨ ਕੀਤਾ ਸੀ।











NEW YEAR WISHES 2025
BRAMPTON CASH & CARRY
Importer | Wholesaler | Retailer
NOW AVAILABLE
SHOPPING TROLLEYS
100 Kennedy Rd S,
Brampton, ON L6W 3E7, Canada
905-230-4800


NEW YEAR WISHES 2025
BRAMPTON CASH & CARRY
Importer | Wholesaler | Retailer
FESTIVITY AND OCCASION
PUNJABI VIRSA DECOR
100 Kennedy Rd S,
Brampton, ON L6W 3E7, Canada
905-230-4800


NEW YEAR WISHES 2025
BRAMPTON CASH & CARRY
Importer | Wholesaler | Retailer
NOW AVAILABLE
SHOPPING BASKETS
100 Kennedy Rd S,
Brampton, ON L6W 3E7, Canada
905-230-4800


JD WEB SERUICES
OUR SERVICES
GRAPHIC DESIGN
UI/UX DESIGN
WEB DESIGN
ANDROID APPS
WEB DEVELOPMENT
SOCIAL MEDIA PROMOTION
JASWINDER SINGH BITTA
+1 (647) 967-6630
JASHANDEEP SINGH
90416-19321
www.jdwebservices.com
OUR PRODUCTS
INVOICE
INVOICE MANAGEMENT SOFTWARE
VIEW DEMO
https://invoice-al.vercel.app/user panel/Userdashboard
ADVOC8
ADVOCATE'S DAILY DIARY
MANAGEMENT SOFTWARE
VIEW DEMO
https://advoc8.in
CAREER ENGINE
OUR COURSES
GRAPHIC & MOTION DESIGN
FULL STACK DEVELOPMENT
FLUTTER APP DEVELOPMENT
7 MONTHS
COURSE DURATION
$100/- USD
FEE PER MONTH
www.careerengine.in


Weight
10 Pond
Price
$5.99
BRAMPTON CASH & CARRY
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800

# ਸਾਹਿਤਕ ਸਰਗਰਮੀਆਂ

## ਕਹਾਣੀ

## ਰਾਣੋ ਦੀ ਰਵਾਨਗੀ




ਇੱਕ ਦਿਨ ਮੈਂ ਸੰਗਰੂਰ ਸ਼ਹਿਰ ਦੇ ਕੌਲਾ ਪਾਰਕ ਵਿਚ ਦੀ ਪੈਦਲ ਜਾ ਰਿਹਾ ਸੀ ਤਾਂ ਮੇਰੀ ਨਜ਼ਰ ਇੱਕ ਵਿਲੱਖਣ ਤਰ੍ਹਾਂ ਦੇ ਵਪਾਰੀ 'ਤੇ ਪਈ। ਉਸ ਨੇ ਤਿੰਨ ਪਹੀਆਂ ਵਾਲੀ ਰੇਹੜੀ ਇੱਕ ਪਾਸੇ ਲਾਈ ਹੋਈ ਸੀ। ਉਸ ਰੇਹੜੀ ਵਿੱਚ ਇੱਕ ਲੋਹੇ ਦਾ ਪਿੰਜਰਾ ਪਿਆ ਸੀ, ਜਿਸ ਵਿੱਚ ਚਿੱਟੇ ਰੰਗ ਦੀ ਇੱਕ ਛੋਟੀ ਜਿਹੀ ਕੁੱਤੀ ਬੰਦ ਸੀ ਤੇ ਵਪਾਰੀ ਦੇ ਹੱਥ ਵਿੱਚ ਉਸ ਕੁੱਤੀ ਦੇ ਦੋ ਨਿੱਕੇ ਨਿੱਕੇ ਬੱਚੇ ਚੁੱਕੇ ਹੋਏ ਸਨ। ਉਨ੍ਹਾਂ ਬੱਚਿਆਂ ਨੂੰ ਵੇਚਣ ਲਈ ਉਹ ਵਾਰ ਵਾਰ ਹੋਕਾ ਲਾ ਰਿਹਾ ਸੀ। ਪਿੰਜਰੇ ਵਿੱਚ ਬੰਦ ਦੋ ਬੱਚਿਆਂ ਦੀ ਮਾਂ ਬਹੁਤ ਪਰੇਸ਼ਾਨ ਸੀ। ਉਸ ਨੂੰ ਸ਼ਾਇਦ ਪਤਾ ਲੱਗ ਚੁੱਕਾ ਸੀ ਕਿ ਉਸ ਦਾ ਮਾਲਕ ਅੱਜ ਉਸ ਦੇ ਦਿਲ ਦੇ ਟੁਕੜਿਆਂ ਨੂੰ ਵੇਚ ਦੇਵੇਗਾ ਅਤੇ ਫਿਰ ਕਦੇ ਵੀ ਉਹ ਆਪਣੇ ਬੱਚਿਆਂ ਨੂੰ ਮਿਲ ਨਹੀਂ ਸਕੇਗੀ। ਉਹ ਬੇਵੱਸ ਪਿੰਜਰੇ ਅੰਦਰ ਜ਼ਖ਼ਮੀ ਸ਼ੇਰਨੀ ਵਾਂਗ ਗੇੜੇ ਦੇ ਰਹੀ ਸੀ ਅਤੇ ਵਾਰ ਵਾਰ ਆਪਣੇ ਮਾਸੂਮ ਬੱਚਿਆਂ ਵੱਲ ਦੇਖ ਰਹੀ ਸੀ। ਕਦੇ ਕਦੇ ਆਪਣੇ ਮਾਲਕ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਸਿਰ ਨੂੰ ਸੱਜੇ ਖੱਬੇ ਘੁਮਾਉਂਦੀ ਸ਼ਾਇਦ ਮਨ ਹੀ ਮਨ ਉਸ ਨੂੰ ਬੱਚੇ ਨਾ ਵੇਚਣ ਦੀਆਂ ਬੇਨਤੀਆਂ ਕਰ ਰਹੀ ਸੀ। ਉਸ ਦਾ ਮਾਲਕ ਬੱਚਿਆਂ ਦੀ ਮਾਂ ਦੀ ਬੇਵੱਸੀ, ਉਸ ਦੀ ਪੀੜ ਦੀ ਬਿਲਕੁਲ ਵੀ ਪਰਵਾਹ ਨਹੀਂ ਸੀ ਕਰ ਰਿਹਾ। ਉਸ ਨੂੰ ਤਾਂ ਸਿਰਫ਼ ਗਾਹਕ ਲੱਭਣ ਵਿੱਚ ਦਿਲਚਸਪੀ ਸੀ। ਉਹ ਵਾਰ ਵਾਰ ਬੱਚਿਆਂ ਨੂੰ ਧੌਣ ਤੋਂ ਫੜ ਕੇ ਹਵਾ ਵਿੱਚ ਲਹਿਰਾ ਕੇ ਇਸ਼ਤਿਹਾਰਬਾਜ਼ੀ ਕਰ ਰਿਹਾ ਸੀ। ਮੈਨੂੰ ਇਸ ਹਾਲਤ ਨੇ ਬਹੁਤ ਪਰੇਸ਼ਾਨ ਕਰ ਦਿੱਤਾ। ਮੈਂ ਮਨੁੱਖ ਵੱਲੋਂ ਇੱਕ ਅਬੋਲ ਮਾਂ ਦੀ ਮਮਤਾ ਦੀਆਂ ਭਾਵਨਾਵਾਂ ਨੂੰ ਨਾ ਸਮਝਣ 'ਤੇ ਸ਼ਰਮਸਾਰ ਸੀ। ਇੰਨੇ ਨੂੰ ਇੱਕ ਵਿਅਕਤੀ ਨੇ ਇੱਕ ਮਾਸੂਮ ਕਤੂਰੇ ਦੀ ਕੀਮਤ ਪੁੱਛੀ। ਮਾਲਕ ਨੇ ਦੱਸ ਦਿੱਤੀ। ਉਹ ਰੱਬ ਦਾ ਬੰਦਾ ਪਿੰਜਰੇ ਵਿੱਚ ਬੰਦ ਕੁੱਤੀ ਦੀ ਹਾਲਤ ਨੂੰ ਦੇਖ ਕੇ ਬੋਲਿਆ, "ਪਿੰਜਰੇ ਵਿੱਚ ਬੰਦ ਕੁੱਤੀ ਮੈਨੂੰ ਬੱਚਿਆਂ ਦੀ ਮਾਂ ਲੱਗਦੀ ਹੈ।" ਸ਼ਾਇਦ ਇਹ ਬੰਦਾ ਬੱਚਿਆਂ ਦੀ ਮਾਂ ਵੱਲੋਂ ਰੱਬ ਨੂੰ ਕੀਤੀਆਂ ਅਰਜ਼ੋਈਆਂ ਕਰਕੇ ਹੀ ਰੱਬ ਨੇ ਇੱਥੇ ਭੇਜਿਆ ਹੋਵੇ। ਫਿਰ ਉਸ ਬੰਦੇ ਨੇ ਕੁੱਤਿਆਂ ਦੇ ਮਾਲਕ ਨੂੰ ਇੱਕ ਸਵਾਲ ਕੀਤਾ, "ਤੂੰ ਇਨ੍ਹਾਂ ਬੇਜ਼ੁਬਾਨ ਜਾਨਵਰਾਂ ਦਾ ਵਿਛੋੜਾ ਕਿਉਂ ਪਾ ਰਿਹਾ ਹੈਂ ?" ਉਸ ਨੇ ਬਿਲਕੁਲ ਮੇਰੇ ਮਨ ਦੀ ਗੱਲ ਆਖ ਦਿੱਤੀ। ਕੁੱਤਿਆਂ ਦਾ ਵਪਾਰੀ ਬੋਲਿਆ, "ਸਰਦਾਰ ਜੀ, ਜੇ ਅਸੀਂ ਇਉਂ ਸੋਚਣ ਲੱਗ ਪਏ, ਫੇਰ ਕੰਮ ਕਿਵੇਂ ਕਰਾਂਗੇ? ਸਾਡਾ ਤਾਂ ਜਨਾਬ ਇਹ ਧੰਦਾ ਹੈ।" ਉਹ ਰੱਬ ਦਾ ਬੰਦਾ ਫੇਰ ਬੋਲਿਆ, "ਤੇਰਾ ਧੰਦਾ ਤੈਨੂੰ ਮੁਬਾਰਕ। ਚੱਲ ਇਹ ਦੱਸ ਕੁੱਤੀ ਸਣੇ ਦੋਵੇਂ ਬੱਚਿਆਂ ਦਾ ਕੀ ਲੈਣਾ? ਅਸੀਂ ਤਿੰਨ ਭਰਾ ਹਾਂ, ਖੇਤ ਵਿੱਚ ਤਿੰਨ ਕੋਠੀਆਂ ਨੇ 'ਕੱਠੀਆਂ। ਤਿੰਨੇ ਕੋਠੀਆਂ ਦੀ ਸਿਰਫ਼ ਬਾਹਰੋਂ ਬਾਊਂਡਰੀ ਮਾਰੀ ਹੈ, ਅੰਦਰ ਵਿਹੜੇ ਸਾਂਝੇ ਹਨ। ਇੱਕ ਇੱਕ ਰੱਖ ਲਵਾਂਗੇ, ਤਿੰਨੇ ਭਰਾ। ਇਹ ਦਰਵੇਸ਼ ਮਾਂ ਪੁੱਤ ਸਾਰੀ ਜ਼ਿੰਦਗੀ ਇਕੱਠੇ ਤਾਂ ਰਹਿਣਗੇ। ਨਾਲੇ ਸਾਡੇ ਬੱਚਿਆਂ ਦਾ ਦਿਲ ਲੱਗਿਆ ਰਹੇਗਾ।" ਮੈਂ ਉਸ ਰੱਬ ਦੇ ਬੰਦੇ ਦੀ ਗੱਲ ਦੀ ਤਾਈਦ ਵੀ ਕੀਤੀ ਤੇ ਤਾਰੀਫ਼ ਵੀ। ਉਸ ਬੰਦੇ ਨੇ ਕੁੱਤਿਆਂ ਦੇ ਮਾਲਕ ਨੂੰ ਸਾਰੇ ਪੈਸੇ ਦੇ ਕੇ ਦੋਵੇਂ ਬੱਚੇ ਮਾਂ ਦੇ ਨਾਲ ਪਿੰਜਰੇ ਵਿੱਚ ਪਾ ਕੇ ਆਪਣੀ ਜੀਪ ਵਿੱਚ ਰੱਖਣ ਨੂੰ ਆਖ ਦਿੱਤਾ। ਕੁੱਤਿਆਂ ਦੇ ਮਾਲਕ ਨੇ ਪਿੰਜਰੇ ਦੇ ਪੈਸੇ ਵੱਖਰੇ ਮੰਗ ਲਏ। ਮਾਂ ਪਿੰਜਰੇ ਵਿੱਚ ਬੈਠੀ ਲਾਡ ਪਿਆਰ ਕਰ ਰਹੀ ਸੀ। ਉਸ ਰੱਬ ਦੇ ਬੰਦੇ ਨੇ ਜਾਂਦੀ ਵਾਰ ਉਸ ਕੁੱਤਿਆਂ ਦੇ ਸਾਬਕਾ ਮਾਲਕ ਤੋਂ ਪਿੰਜਰੇ ਵਿੱਚ ਬੰਦ ਬੇਜ਼ੁਬਾਨ ਜਾਨਵਰਾਂ ਦੇ ਨਾਮ ਪੁੱਛੇ। ਉਸ ਨੇ ਦੱਸਿਆ ਕਿ ਮਾਂ ਦਾ ਨਾਮ ਤਾਂ ਰਾਣੋ ਹੈ, ਬੱਚਿਆਂ ਦੇ ਨਾਮ ਤੁਸੀਂ ਰੱਖ ਲੈਣਾ। ਰਾਣੋ ਚਾਈਂ ਚਾਈਂ ਆਪਣੇ ਦੋਵੇਂ ਬੱਚਿਆਂ ਨੂੰ ਲੈ ਕੇ ਉਸ ਫਰਿਸ਼ਤੇ ਨਾਲ ਆਪਣੇ ਨਵੇਂ ਘਰ ਵੱਲ ਰਵਾਨਾ ਹੋ ਗਈ।

## ਕਹਾਣੀ

## ਮੈਂ ਪੈਸੇ ਕਿੱਥੋਂ ਦਿਆਂ ?

ਮੈਨੂੰ ਪੂਰੀ ਹੋਸ਼ ਸੀ ਜਦੋਂ ਪਿੰਡ ਰਹਿੰਦਿਆਂ ਅਕਸਰ ਹੀ ਅਸੀਂ ਤਾਏ ਜਗਮੇਲ ਸਿੰਘ ਦੇ ਘਰ ਖੇਡਣ ਚਲੇ ਜਾਂਦੇ ਸੀ। ਸੁੱਖ ਨਾਲ ਟੱਬਰ ਸਾਡਾ ਵੀ ਵਾਹਵਾ ਵੱਡਾ ਸੀ ਤੇ ਉਨ੍ਹਾਂ ਦਾ ਵੀ। ਉਦੋਂ ਜ਼ਮਾਨਾ ਹੀ ਇਹੋ ਜਿਹਾ ਸੀ ਕਿ ਭੂਆ ਤੇ ਚਾਚੇ ਜਿੱਡੇ ਹੀ ਭਤੀਜੇ ਭਤੀਜੀਆਂ ਹੁੰਦੇ ਸਨ। ਇਕੱਠਿਆਂ ਨੇ ਖੇਡਣਾ। ਜਿੱਥੋਂ ਖਾਣ ਨੂੰ ਮਿਲ ਜਾਣਾ ਉੱਥੋਂ ਹੀ ਖਾ ਲੈਣਾ। ਕੋਈ ਪਰਵਾਹ ਨਹੀਂ ਸੀ ਹੁੰਦੀ। ਬੇਸ਼ੱਕ, ਜਗਮੇਲ ਸਿੰਘ ਨਾ ਤਾਂ ਸਾਡੇ ਸ਼ਰੀਕੇ ਵਿੱਚੋਂ ਸੀ ਤੇ ਨਾ ਹੀ ਸਾਡੀ ਬਰਾਦਰੀ ਦਾ। ਇੰਨਾ ਜ਼ਰੂਰ ਸੀ ਕਿ ਉਹ ਵੀ ਸੰਤਾਲੀ ਦੀ ਵੰਡ ਸਮੇਂ ਪਾਕਿਸਤਾਨ 'ਚੋਂ ਉੱਜੜ ਕੇ ਆਏ ਸਨ ਤੇ ਸਾਡਾ ਪਰਿਵਾਰ ਵੀ ਉਧਰੋਂ ਉੱਜੜ ਕੇ ਆਇਆ ਸੀ। ਜਿਉਂ ਜਿਉਂ ਅਲਾਟਮੈਂਟਾਂ ਹੋਈਆਂ ਉਵੇਂ ਹੀ ਇੱਧਰ ਵਸਦੇ ਗਏ। ਸਾਡਾ ਤਾਂ ਪਿੰਡ ਸਾਰਾ ਹੀ ਮੁਸਲਮਾਨਾਂ ਦਾ ਹੁੰਦਾ ਸੀ ਜਿਸ ਕਰਕੇ ਉਹ ਘਰ ਖਾਲੀ ਕਰਕੇ ਚਲੇ ਗਏ ਸੀ। ਉਨ੍ਹਾਂ ਦੇ ਖਾਲੀ ਘਰਾਂ ਵਿੱਚ ਸਾਡੇ ਪਰਿਵਾਰਾਂ ਨੇ ਰਹਿਣਾ ਸ਼ੁਰੂ ਕਰ ਦਿੱਤਾ। ਬਸ ਹੌਲੀ-ਹੌਲੀਕਰਕੇ ਇੱਕ ਦੂਜੇ ਨਾਲ ਵਰਤ-ਵਰਤਾਰਾਸ਼ੁਰੂ ਹੋ ਗਿਆ। ਸਾਡੇ ਸਾਰੇ ਭੈਣ ਭਰਾ ਉਸ ਨੂੰ ਤਾਇਆ ਕਹਿ ਕੇ ਬੁਲਾਉਂਦੇ ਹੁੰਦੇ ਸੀ। ਸਾਡੀ ਤਾਈ ਗੁਰੋ ਦਾ ਸੁਭਾਅ ਵੀ ਬਹੁਤ ਵਧੀਆ ਹੁੰਦਾ ਸੀ। ਉਸ ਨੇ ਕਦੇ ਕਦਾਈਂ ਡੁੱਲ੍ਹੇ ਵਿਗੜੇ ਤੋਂ ਆਪਣੇ ਜਵਾਕਾਂ ਨੂੰ ਝਿੜਕ ਲੈਣਾ, ਪਰ ਸਾਨੂੰ ਨਹੀਂ। ਉਨ੍ਹਾਂ ਦੇ ਜਵਾਕ ਵੀ ਪੜ੍ਹਨ ਨਹੀਂ ਜਾਂਦੇ ਸੀ ਤੇ ਅਸੀਂ ਵੀ ਨਹੀਂ। ਇੱਕ ਤਾਂ ਪਿੰਡ ਬਾਰਡਰ 'ਤੇ ਸੀ, ਦੂਜਾ ਸਕੂਲ ਵੀ ਨਾ ਹੋਇਆਂ ਵਰਗਾ ਹੁੰਦਾ ਸੀ। ਮੇਰੇ ਅੱਖੀਂ ਵੇਖਣ ਦੀ ਗੱਲ ਹੈ ਕਿ ਸਕੂਲ ਵੰਡ ਤੋਂ ਪਹਿਲਾਂ ਦੀ ਇੱਕ ਢੱਠੀ ਜਿਹੀ ਮਸਜਿਦ ਵਿੱਚ ਹੁੰਦਾ ਸੀ ਜਿੱਥੇ ਇੱਕ ਅੱਧਾ ਮਾਸਟਰ ਜਾਂ ਭੈਣ ਜੀ ਟੁੱਟੀ ਜਿਹੀ ਕੁਰਸੀ 'ਤੇ ਬੈਠੇ ਹੁੰਦੇ ਸੀ। ਪੰਜ ਸੱਤ ਜਵਾਕ ਲਿੱਬੜੇ ਤਿਬੜੇ ਪੜ੍ਹਨ ਆਉਂਦੇ ਸੀ। ਸਾਡੇ ਵੱਡਿਆਂ ਨੇ ਕਹਿਣਾ ਕਿ ਇਨ੍ਹਾਂ ਜਵਾਕਾਂ ਨੂੰ ਕੰਮ ਧੰਦੇ ਲਾਇਆ ਕਰੋ, ਇਨ੍ਹਾਂ ਨੇ ਪੜ੍ਹ ਕੇ ਕਿਹੜਾ ਡੀਸੀ ਲੱਗਣਾ ਹੈ। ਪਰ ਜਗਮੇਲ ਸਿੰਘ ਆਪ ਖ਼ੁਦ ਉਰਦੂ ਦੀਆਂ ਅੱਠ-ਨੌਂ ਜਮਾਤਾਂ ਪੜ੍ਹਿਆ ਹੋਇਆ ਸੀ ਜਿਸ ਕਰਕੇ ਉਸ ਨੇ ਆਪਣੇ ਸਾਰੇ ਹੀ ਜਵਾਕ ਸਕੂਲੇ ਪੜ੍ਹਨੇ ਲਾ ਦਿੱਤੇ। ਹੌਲੀ ਹੌਲੀ ਪਿੰਡ ਵਾਲਿਆਂ ਨੇ ਸਕੂਲ ਦੀ ਇੱਕ ਇਮਾਰਤ ਵੀ ਬਣਵਾ ਦਿੱਤੀ। ਕੋਈ ਮੰਤਰੀ ਆਇਆ ਤੇ ਉਸ ਨੇ ਸਕੂਲ ਨੂੰ ਪ੍ਰਾਇਮਰੀ ਤੋਂ ਮਿਡਲ ਬਣਾ ਦਿੱਤਾ ਅੱਜ ਹੋਰ ਤੇ ਕੱਲ੍ਹ ਹੋਰ। ਜਿਹੜੇ ਜਵਾਕਾਂ ਨੂੰ ਪਿੱਛੋਂ ਡੰਡਿਆਂ ਦਾ ਡਰ ਸੀ ਉਹ ਪੜ੍ਹ ਲਿਖ ਗਏ ਤੇ ਜਿਨ੍ਹਾਂ ਨੂੰ ਨਹੀਂ ਸੀ ਉਹ ਡੰਗਰ ਚਾਰਨ ਲੱਗ ਪਏ। ਜਗਮੇਲ ਸਿੰਘ ਨੇ ਦਿਨ ਰਾਤ ਮਿਹਨਤ ਕਰਕੇ ਆਪਣੀਆਂ ਤਿੰਨਾਂ ਧੀਆਂ ਤੇ ਤਿੰਨਾਂ ਪੁੱਤਰਾਂ ਨੂੰ ਚੰਗਾ ਪੜ੍ਹਾ ਲਿਖਾ ਦਿੱਤਾ। ਵੱਡਾ ਮੁੰਡਾ ਪੜ੍ਹ ਲਿਖ ਕੇ ਵੀ ਆਪਣੇ ਪਿਉ ਨਾਲ ਕੰਮ ਕਰਵਾਉਣ ਲੱਗ ਪਿਆ। ਛੋਟੇ ਦੋਵੇਂ ਅੰਮ੍ਰਿਤਸਰ ਕਿਸੇ ਹਸਪਤਾਲ ਵਿੱਚ ਕੋਰਸ ਕਰਨ ਲੱਗ ਪਏ। ਕੁੜੀਆਂ ਵਿਆਹੀਆਂ ਗਈਆਂ, ਆਪੋ ਆਪਣੇ ਘਰ ਚਲੀਆਂ ਗਈਆਂ। ਵੱਡਾ ਮੁੰਡਾ ਬਿੱਲਾ ਆਪਣੇ ਬਾਪੂ ਵਾਲੇ ਕੰਮ ਵਿੱਚ ਮਾਹਿਰ ਹੋ ਗਿਆ, ਪਰ ਉਸ ਨੇ ਸੇਪੀ ਛੱਡ ਕੇ ਨਕਦ ਪੈਸੇ ਲੈ ਕੇ ਕੰਮ ਕਰਨਾ। ਵਿਚਕਾਰਲਾ ਮੁੰਡਾ ਛਿੰਦਾ ਡਾਕਟਰੀ ਦਾ ਕੰਮ ਸਿੱਖ ਕੇ ਆ ਗਿਆ। ਬਾਜ਼ਾਰ ਵਿੱਚ ਇੱਕ ਨਿੱਕਾ ਜਿਹਾ ਕਲੀਨਿਕ ਬਣਾ ਕੇ ਬੈਠ ਗਿਆ। ਬਸ ਉਸ ਦੇ ਬੈਠਣ ਦੀ ਹੀ ਦੇਰ ਸੀ ਕਿ ਮਰੀਜ਼ਾਂ ਦੀਆਂ ਲਾਈਨਾਂ ਲੱਗਣੀਆਂ ਸ਼ੁਰੂ ਹੋ ਗਈਆਂ। ਹੱਥ ਦਾ ਬਹੁਤ ਸਿਆਣਾ ਸੀ, ਪਰ ਪੈਸਿਆਂ ਵਾਲੇ ਆਹੂ ਲਾਹੁਣ ਲੱਗ ਪਿਆ। ਜਗਮੇਲ ਸਿੰਘ ਦੇ ਦਿਨ ਬਦਲਣ ਲੱਗ ਪਏ। ਇੰਨੇ ਨੂੰ ਛੋਟਾ ਮੁੰਡਾ ਰੂਪਾ ਵੀ ਕੋਰਸ ਕਰਕੇ ਭਰਾ ਨਾਲ ਹੱਥ ਵਟਾਉਣ ਲੱਗ ਪਿਆ। ਦੋਹਾਂ ਦੀ ਡਾਕਟਰੀ ਖ਼ੂਬ ਚੱਲੀ। ਸਾਰਿਆਂ ਦੇ ਵਿਆਹ ਹੋ ਗਏ। ਹਰ ਇੱਕ ਬੰਦਾ ਜਗਮੇਲ ਸਿੰਘ ਦੀ ਇੱਜ਼ਤ ਕਰਦਾ, ਪਰ ਜਗਮੇਲ ਸਿੰਘ ਵਿੱਚ ਕੋਈ ਫ਼ਰਕ ਨਹੀਂ ਸੀ ਆਇਆ। ਜਿਵੇਂ ਪਹਿਲਾਂ ਸੀ ਉਵੇਂ ਹੀ ਹੁਣ ਸੀ। ਜਿਵੇਂ ਸਿਆਣੇ ਕਹਿੰਦੇ ਨੇ ਕਿ ਵਪਾਰ ਤੇ ਰੁੱਖ ਦੀ ਵਧਣ ਦੀ ਇੱਕ ਸੀਮਾ ਹੁੰਦੀ ਹੈ, ਇੱਕ ਸਮਾਂ ਆਉਂਦਾ ਹੈ ਜਦੋਂ ਰੁੱਖ ਦਾ ਵਧਣਾ ਬੰਦ ਹੋ ਜਾਂਦਾ ਹੈ, ਇਸੇ ਤਰ੍ਹਾਂ ਵਪਾਰ ਇੱਕ ਦਿਨ ਵਧਣਾ ਬੰਦ ਹੋ ਜਾਂਦਾ ਹੈ। ਉਹੀ ਗੱਲ ਜਗਮੇਲ ਸਿੰਘ ਦੇ ਘਰ ਦੀ ਹੋਈ। ਪਹਿਲਾਂ ਵੱਡਾ ਪੁੱਤਰ ਬਿੱਲਾ ਵੱਖਰਾ ਹੋ ਗਿਆ। ਫਿਰ ਥੋੜ੍ਹੇ ਚਿਰ ਬਾਅਦ ਛਿੰਦਾ ਤੇ ਰੂਪਾ। ਕਿਸੇ ਵੀ ਪੁੱਤਰ ਨੇ ਇਹ ਨਾ ਕਿਹਾ ਕਿ ਬਾਪੂ ਤੂੰ ਸਾਡੇ ਨਾਲ ਰਹਿ। ਜਿਹੜਾ ਸਾਂਝਾ ਘਰ ਸੀ ਉਹ ਬਿੱਲੇ ਨੇ ਲੈ ਲਿਆ ਤੇ ਬਾਕੀ ਡਾਕਟਰਾਂ ਨੇ ਬਾਹਰ ਥਾਂ ਲੈ ਕੇ ਘਰ ਬਣਾ ਲਏ। ਵੰਡ ਕਰਦੇ ਸਮੇਂ ਮੁੰਡਿਆਂ ਦੀ ਆਪਸ ਵਿੱਚ ਕੋਈ ਤਤਕਾਰ ਹੋ ਗਈ ਜਿਸ ਕਰਕੇ ਬਾਪੂ ਨੂੰ ਕਿਸੇ ਨੇ ਵੀ ਨਾਲ ਨਾ ਰੱਖਿਆ। ਹੁਣ ਜਗਮੇਲ ਸਿੰਘ ਬੁੱਢਾ ਵੀ ਹੋ ਚੁੱਕਾ ਸੀ। ਸਾਰਾ ਪੈਸਾ ਧੇਲਾ ਮੁੰਡਿਆਂ ਨੂੰ ਸੈੱਟ ਕਰਨ 'ਤੇ ਲਾ ਦਿੱਤਾ। ਕੁਝ ਕੁੜੀਆਂ ਦੇ ਵਿਆਹਾਂ 'ਤੇ ਖਰਚ ਕਰ ਦਿੱਤਾ। ਜਿਹੜੀ ਦੋ ਕਨਾਲਾਂ ਜ਼ਮੀਨ ਸੀ ਉਹ ਵੀ ਵੇਚ ਚੁੱਕਾ ਸੀ। ਹੁਣ ਦੋਵੇਂ ਜੀਅ ਬੇਸਹਾਰਾ ਹੋ ਕੇ ਆਪਣੀ ਅਖ਼ਰੀਲੀ ਜ਼ਿੰਦਗੀ ਕੱਟਣ ਲੱਗ ਪਏ। ਥੋੜ੍ਹਾ ਸਮਾਂ ਹੀ ਬੀਤਿਆ ਕਿ ਜੀਵਨ ਸਾਥਣ ਗੁਰੋ ਤਾਈ ਵੀ ਚੱਲ ਵੱਸੀ। ਹੁਣ ਜਗਮੇਲ ਸਿੰਘ ਸੋਚਣ ਲੱਗਿਆ ਕਿ ਕਿਸ ਨਾਲ ਰਹਾਂਗਾ। ਭੋਗ ਤੋਂ ਬਾਅਦ ਰਿਸ਼ਤੇਦਾਰ ਇਕੱਠੇ ਬੈਠੇ ਸਨ ਜਗਮੇਲ ਸਿੰਘ ਨੇ ਆਪਣਾ ਪੱਖ ਉਨ੍ਹਾਂ ਅੱਗੇ ਰੱਖ ਦਿੱਤਾ, "ਮੇਰੇ ਬਾਰੇ ਸੋਚੋ। ਮੈਨੂੰ ਕਿਸ ਨਾਲ ਰਹਿਣ ਵਾਸਤੇ ਕਹਿਣਾ ਜੇ!" ਵੱਡੇ ਮੁੰਡੇ ਬਿੱਲੇ ਤੇ ਸਾਰਿਆਂ ਤੋਂ ਨਿੱਕੇ ਮੁੰਡੇ ਰੂਪੇ ਨੇ ਸਾਫ਼ ਜਵਾਬ ਦੇ ਦਿੱਤਾ ਕਿ ਅਸੀਂ ਬੁੱਢੇ ਨੂੰ ਆਪਣੇ ਪਰਿਵਾਰ ਵਿੱਚ ਨਹੀਂ ਰੱਖ ਸਕਦੇ, ਐਵੇਂ ਸਾਰਾ ਦਿਨ ਦਿਨ ਖਹੂ-ਖਹੂਕਰਦਾ ਰਹੇਗਾ। ਹੁਣ ਰਹਿ ਗਿਆ ਵਿਚਕਾਰਲਾ ਛਿੰਦਾ ਉਹ ਕਹਿਣ ਲੱਗਾ, "ਜੇ ਬੁੱਢੇ ਨੇ ਮੇਰੇ ਨਾਲ ਰਹਿਣਾ ਹੈ ਤਾਂ ਮੈਨੂੰ ਖਰਚਾ ਚਾਹੀਦਾ ਹੈ। ਇਸ ਦੇ ਲੀੜੇ ਕੱਪੜੇ ਵੀ ਧੋਣੇ ਨੇ, ਰੋਟੀ ਟੁੱਕ ਵੀ ਦੇਣਾ ਹੈ। ਦਵਾ ਦਾਰੂ ਦਾ ਖਰਚ ਹੋਵੇਗਾ,।" ਸਾਰੇ ਰਿਸ਼ਤੇਦਾਰ ਤੇ ਕੁੜੀਆਂ ਉਸ ਦੇ ਮੂੰਹ ਵੱਲ ਵੇਖਣ ਲੱਗੇ ਕਿ ਇਹ ਕੀ ਆਖ ਰਿਹਾ ਹੈ। "ਹਾਂ, ਮੈਂ ਸਹੀ ਆਖਦਾ ਹਾਂ। ਇਹ ਕੋਈ ਮੇਰੇ ਇਕੱਲੇ ਦਾ ਪਿਉ ਨਹੀਂ ਸਗੋਂ ਆਪਣਾ ਛੇਆਂ ਭੈਣ ਭਰਾਵਾਂ ਦਾ ਹੈ।"

ਬਜ਼ੁਰਗ ਜਗਮੇਲ ਸਿੰਘ ਰੋਂਦਾ ਹੋਇਆ ਬੋਲਿਆ, "ਮੈਂ ਪੈਸੇ ਕਿੱਥੋਂ ਲਿਆਵਾਂਗਾ? ਮੇਰੇ ਕੋਲ ਤੁਹਾਨੂੰ ਦੇਣ ਵਾਸਤੇ ਪੈਸੇ ਕਿੱਥੇ ਹਨ। ਤੁਸੀਂ ਮੈਨੂੰ ਬਿਰਧ ਆਸ਼ਰਮ ਛੱਡ ਆਉ। ਜਿਹੜੇ ਚਾਰ ਦਿਨ ਜ਼ਿੰਦਗੀ ਦੇ ਬਚੇ ਹਨ ਉਹ ਮੈਂ ਰੁਲ ਖੁਲ ਕੇ ਉੱਥੇ ਕੱਟ ਲਵਾਂਗਾ। ਮੈਨੂੰ ਤੁਸੀਂ ਸਾਰੇ ਮੁਆਫ਼ ਕਰ ਦਿਓ। ਰੱਬ ਚੰਗਾ ਹੁੰਦਾ ਤਾਂ ਮੈਨੂੰ ਵੀ ਨਾਲ ਹੀ ਚੁੱਕ ਲੈਂਦਾ, ਆਹ ਦਿਨ ਤਾਂ ਨਾ ਵੇਖਣੇ ਪੈਂਦੇ।"

## ਪੰਜਾਬੀ ਕਵਿਤਾਵਾਂ

### ਸਰਦਾਰ ਪੰਛੀ

ਕਿੰਨੀ ਅਜੀਬ ਜੰਗ ਹੈ ਇਹ ਬਹਿ ਕੇ ਨਾਲ ਨਾਲ।
ਸਾਹਾਂ ਦੇ ਵਾਰ ਰੋਕਣਾਂ ਸਾਹਾਂ ਦੀ ਢਾਲ ਨਾਲ।
ਸੂਖ਼ਮ ਖ਼ਿਆਲ ਨਾਲ ਤੇ ਫ਼ਨ ਦੇ ਕਮਾਲ ਨਾਲ,
ਸ਼ਿਅਰਾਂ ਦੇ ਫੁੱਲ ਲਗਦੇ ਨੇ ਗ਼ਜ਼ਲਾਂ ਦੀ ਡਾਲ ਨਾਲ।
ਨਗ਼ਮਾ ਗ਼ਜ਼ਲ ਰੁਬਾਈ ਕਹਾਣੀ ਮੁਸੱਵਿਰੀ,
ਕੀ ਕੀ ਨਿਕਲ ਕੇ ਆ ਗਿਆ ਦਿਲ ਦੇ ਉਬਾਲ ਨਾਲ।
ਇੱਕ ਦਰਦ ਦੋ ਦੋ ਮੌਸਮਾਂ ਦੇ ਨਾਲ ਜੁੜ ਗਿਆ,
ਹਾਉਕਾ ਹੁਨਾਲ ਨਾਲ ਤੇ ਸਿਸਕੀ ਸਿਆਲ ਨਾਲ।
ਕਰ ਤਾਂ ਲਿਆ ਹੈ ਇਸ਼ਕ ਸੰਗ ਇਸ ਦਿਲ ਨੇ ਕਾਰੋਬਾਰ,
ਨਿਭਦੀ ਹੈ ਵੇਖੋ ਕਿਸ ਤਰ੍ਹਾਂ ਇਸ ਭਾਈਵਾਲ ਨਾਲ।
ਉਸ ਦੀ ਵੀ ਝੋਲ ਮੋਤੀਆਂ ਦੇ ਨਾਲ ਭਰ ਗਈ,
ਪੂੰਝੇ ਗ਼ਜ਼ਲ ਦੇ ਅੱਥਰੂ ਜਿਸ ਨੇ ਰੁਮਾਲ ਨਾਲ।


ਮਨਮੀਤ ਸਿੰਘ

### ਨੈਣਾ ਦੀ ਲੋਅ

ਧੀਮੀ-ਧੀਮੀਜਿਹੀ ਜਾਪਦੀ ਅੱਜ ਮੇਰੇ ਨੈਣਾ ਦੀ ਲੋਅ ਹੈ
ਹਵਾਵਾਂ ਇੰਝ ਜਾਪਦੀਆਂ ਜਿਉ ਤੇਰੇ ਤਨ ਦੀ ਸ਼ੋਅ ਹੈ।
ਝੜ ਗਏ ਨੇ ਚਾਅਵਾਂ ਦੇ ਪੱਤ ਮੇਰੇ ਵੀਰਾਨ ਜਿਹੀ ਜਿੰਦ ਹੋ ਗਈ
ਰੱਬ ਜਾਣੇ ਫਿਰ ਵੀ ਕਿਉਂ ਇਹਨਾਂ ਸਾਹਾਂ ਦਾ ਮੋਹ ਹੈ ।
ਖੜਕਿਆਂ ਹੈ ਦਰ ਮੇਰਾ ਕੋਈ ਆਹਟ ਮਹਿਸੂਸ ਹੋਈ
ਝੂਠੀ ਹੈ ਉਮੀਦ ਮੇਰੀ ਜਾਂ ਆਇਆ ਸੱਚਮੁੱਚ ਹੀ ਉਹ ਹੈ।
ਕਈ ਕਾਫਲਿਆਂ ਸੰਗ ਤੁਰਿਆ, ਕਈ ਪੈਡੇਂ ਵੀ ਸਰ ਕੀਤੇ
ਭਟਕ ਰਿਹਾ ਹਾਂ ਅੱਜ ਵੀ ਨਾਂ ਮਿਲੀ ਕਿਤੇ ਢੋਅ ਹੈ।
ਵੈਰਾਗ ਵਿੱਚ ਵੀ ਸ਼ਾਜ ਸੁਣੇ, ਦਿਨ ਸਧੂਰੀ ਜਿਹਾ ਜਾਪਦਾ,
ਮੇਰੇ ਵਿਹੜੇ ਖਿੰਡੀ ਜਿਉਂ ਤੇਰੇ ਸਾਹਾਂ ਦੀ ਖੁਸ਼ਬੋ ਹੈ।
ਖਾਮੋਸ਼ੀ ਦੇ ਪਰਦੇ ਕੱਜ ਲਵਾ ਮੇਰਾ ਦਰਦ ਲਵੇ ਨਾਂ ਕੋਈ ਦੇਖ
ਤੂੰ ਦਿਲ ਦੀ ਹਰ ਗੱਲ ਜਾਣਦਾ ਫਿਰ ਤੈਥੋ ਕਿ ਲੁਕੋ ਹੈ।
ਹਿਜ਼ਰ ਤੇਰੇ ਵਿੱਚ ਸੜ ਗਿਆ, ਮੇਰੀ ਗਈ ਨਾ ਕੋਈ ਪੇਸ਼
ਪਰ (ਮਨ) ਦੀ ਰੂਹ ਤੇ ਅਜੇ ਵੀ ਵਸਲ ਤੇਰੇ ਦੀ ਸੰਜੋ ਹੈ।

ਮਨਪ੍ਰੀਤ ਕੌਰ

### ਮੇਰਾ ਖ਼ੁਆਬ...



ਮੈ ਅੱਖਾਂ ਮੀਟ ਕੇ ਸਜਾਵਾਂ ਤੇਰੇ ਖੁਆਬ ,
ਦਿਲ ਉਡੇ ਫਿਰ ਰੂਹ ਮੇਰੀ ਤੈਨੂੰ ਟੋਲਦੀ,

ਟੱਪਦੇ ਅੰਗਾਰੇ ਤੇ ਨੀਲੇ ਤੇਰੇ ਨੈਣਾਂ ਵਿੱਚੋਂ,
ਉਦਾਸ ਮੇਰੇ ਮਨ ਦੀ ਗਠੜੀ ਫਰੋਲਦੀ!

ਦਿਲ ਮੇਰਾ ਚਾਹੇ ਬਸ ਤੈਨੂੰ ਹੀ ਨਿਹਾਰਨਾ
ਚਾਹੇ ਹਰ ਪਲ ਮੇਰਾ ਹਰ ਇਕ ਖ਼ੁਆਬ ਤੂੰ ਹੋਵੇਂ!

ਦਿਲ ਮੇਰਾ ਛੇੜੇ ਇਸ਼ਕੇ ਦੇ ਸਾਜ਼,
ਉਹਨਾਂ ਵਿੱਚੋਂ ਆਂ ਰਹੀ ਪਿਆਰ ਦੀ ਆਵਾਜ਼ ਹੋਵੇ!

ਚੁੱਪ ਚ ਵੀ ਕੰਨਾਂ ਨੂੰ ਤੇਰੀ ਆਵਾਜ਼ ਸੁਣਾਈ ਦੇਵੇ,
ਤੇਰੀ ਆਹਟ ਮੇਰੇ ਲਈ ਦਰਿਆ ਦਾ ਕਿਨਾਰਾ ਹੋਵੇ ।

ਹਰ ਪਲ ਮੰਗਾਂ ਤੇਰੀਆਂ ਹੀ ਸੁੱਖਾਂ,
ਨਾ ਚਾਹੁੰਦੇ ਵੀ ਤੂੰ ਮੈਨੂੰ ਹਾਂ ਕਰ ਜਾਵੇਂ,
ਇਹੋ ਜਿਹਾ ਕੋਈ ਰੱਬ ਦਾ ਇਸ਼ਾਰਾ ਹੋਵੇ!

ਚਿਤ ਕਰੇ ਜ਼ਿੰਦਗੀ ਮੈਂ ਤੇਰੇ ਲੇਖੇ ਲਾ ਦਵਾਂ,
ਬਸ ਇਹੋ ਜਿਹਾ ਕੋਈ ਪਿਆਰਾ ਜਿਹਾ ਹੁਲਾਰਾ ਹੋਵੇ!

ਬੇਸ਼ੱਕ ਇਮਤਿਹਾਨ ਲੈ ਲਵੇ ਰੱਬ ਹੀ,
ਐਸੀ ਕੋਈ ਮੁਹੱਬਤ -ਸਾਗਰ ,ਚ ਕਿਸ਼ਤੀ ਹੋਵੇ,

ਮੈਂ ਬਣਾ ਤੇਰੇ ਪਿਆਰ ਦੀ ਕਿਸ਼ਤੀ ,
ਤੇ ਤੇਰਾ ਘਰ ਮੇਰੇ ਲਈ ਆਖਰੀ ਕਿਨਾਰਾ ਹੋਵੇ!



ਅਮਨ ਢਿੱਲੋਂ ਕਸੇਲ



# ਅਮਰੀਕਾ ਨੇ ਡਿਪੋਰਟ ਕੀਤੇ 200 ਗੈਰਕਾਨੂੰਨੀ ਭਾਰਤੀ ਪਰਵਾਸੀ, ਅਮਰੀਕਾ ਵਿੱਚ ਪ੍ਰਦਰਸ਼ਨ, ਪੁਲਿਸ ਖੰਗਾਲੇਗੀ ਅਪਰਾਧਿਕ ਰਿਕਾਰਡ

## ਕੇਂਦਰੀ ਏਜੰਸੀਆਂ ਦੀ ਨਿਗਰਾਨੀ ਹੇਠ ਗੈਰ ਕਾਨੂੰਨੀ ਇਮੀਗ੍ਰੇਸ਼ਨ ਅਤੇ ਡੰਕੀ ਰੂਟ ਤੇ ਵੀ ਰਹੇਗੀ ਨਜ਼ਰ

ਨਵੀਂ ਦਿੱਲੀ, 4 ਫ਼ਰਵਰੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) ਅਮਰੀਕਾ 'ਚੋਂ ਡਿਪੋਰਟ ਕੀਤੇ ਦੋ ਸੌ ਦੇ ਕਰੀਬ ਗੈਰਕਾਨੂੰਨੀ ਭਾਰਤੀ ਪਰਵਾਸੀਆਂ ਨੂੰ ਲੈ ਕੇ ਰਵਾਨਾ ਹੋਇਆ ਅਮਰੀਕੀ ਫੌਜੀ ਮਾਲਵਾਹਕ ਜਹਾਜ਼ ਬੁੱਧਵਾਰ ਸਵੇਰੇ 9 ਵਜੇ ਅੰਮ੍ਰਿਤਸਰ ਹਵਾਈ ਅੱਡੇ ਉੱਤੇ ਉਤਰੇਗਾ। ਸੂਤਰਾਂ ਨੇ ਕਿਹਾ ਕਿ ਇਨ੍ਹਾਂ ਗੈਰਕਾਨੂੰਨੀ ਪਰਵਾਸੀਆਂ ਵਿਚੋਂ ਬਹੁਤੇ ਪੰਜਾਬ ਜਾਂ ਨੇੜਲੇ ਰਾਜਾਂ ਨਾਲ ਸਬੰਧਤ ਹਨ।

ਰਾਸ਼ਟਰਪਤੀ ਡੋਨਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਇਹ ਪਹਿਲੀ ਵਾਰ ਹੈ ਜਦੋਂ ਇੰਨੀ ਵੱਡੀ ਗਿਣਤੀ ਵਿਚ ਗੈਰਕਾਨੂੰਨੀ ਭਾਰਤੀ ਪਰਵਾਸੀਆਂ ਨੂੰ ਵਾਪਸ ਭੇਜਿਆ ਗਿਆ ਹੈ। ਟਰੰਪ ਨੇ 20 ਜਨਵਰੀ ਨੂੰ ਰਾਸ਼ਟਰਪਤੀ ਵਜੋਂ ਹਲਫ਼ ਲਿਆ ਸੀ। ਅਮਰੀਕੀ ਫੌਜੀ ਮਾਲਵਾਹਕ ਜਹਾਜ਼ ਸੀ-17 ਗਲੋਬਮਾਸਟਰ ਵਿਚ 200 ਵਿਅਕਤੀ ਸਵਾਰ ਹਨ। ਜਹਾਜ਼ ਦੇ ਅੰਮ੍ਰਿਤਸਰ ਵਿਚ ਲੈਂਡ ਕਰਨ ਤੋਂ ਪਹਿਲਾਂ ਰਾਹ ਵਿਚ ਜਰਮਨੀ ਦੇ ਰੈਮਸਟੇਨ ਹਵਾਈ ਬੇਸ 'ਤੇ ਈਂਧਣ ਭਰਾਏ ਜਾਣ ਦੀ ਸੰਭਾਵਨਾ ਹੈ। ਉਂਝ ਇਹ ਪਹਿਲੀ ਵਾਰ ਹੈ ਜਦੋਂ ਅਮਰੀਕਾ ਗੈਰ-ਕਾਨੂੰਨੀ ਪਰਵਾਸੀਆਂ ਨੂੰ ਭਾਰਤ ਭੇਜਣ ਲਈ ਫੌਜੀ ਮਾਲਵਾਹਕ ਜਹਾਜ਼ ਦੀ ਵਰਤੋਂ ਕਰ ਰਿਹਾ ਹੈ। ਇਸ ਤੋਂ ਪਹਿਲਾਂ ਬੀਤੇ ਵਿੱਚ ਡਿਪੋਰਟ ਕਰਨ ਲਈ ਕਮਰਸ਼ਿਅਲ ਜਹਾਜ਼ਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। 317 ਨਿਯਮਤ ਵਪਾਰਕ ਜਹਾਜ਼ਾਂ ਵਾਂਗ ਜੈੱਟ ਇੰਜਣਾਂ ਦੀ ਵਰਤੋਂ ਕਰਦਾ ਹੈ। ਇਸ ਵਿੱਚ ਇੱਕ ਟਾਇਲਟ ਹੈ ਅਤੇ ਸੀਟਾਂ ਅਮਰੀਕੀ ਸੈਨਿਕਾਂ ਦੀ ਆਵਾਜਾਈ ਮੁਤਾਬਕ ਡਿਜ਼ਾਈਨਡ ਹਨ।

ਭਾਰਤੀ ਹਵਾਈ ਸੈਨਾ ਵੀ ਢੋਆ-ਢੁਆਈ ਲਈ ਇਹੀ ਜਹਾਜ਼ ਵਰਤਦੀ ਹੈ। ਨਵੀਂ ਦਿੱਲੀ ਵਿੱਚ ਅਮਰੀਕੀ ਅੰਬੈਸੀ ਦੇ ਬੁਲਾਰੇ ਨੇ ਕਿਹਾ, "ਯੂਨਾਈਟਿਡ ਸਟੇਟਸ ਆਪਣੀਆਂ ਸਰਹੱਦਾਂ 'ਤੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖ਼ਤ ਕਰ ਰਿਹਾ ਹੈ ਅਤੇ ਗੈਰਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕੀਤਾ ਜਾ ਰਿਹਾ ਹੈ।" ਅਮਰੀਕਾ ਨੇ ਨਵੰਬਰ 2024 ਵਿੱਚ 18,000 ਗੈਰਕਾਨੂੰਨੀ ਪਰਵਾਸੀਆਂ ਦੀ ਇੱਕ ਸੂਚੀ ਸਾਂਝੀ ਕੀਤੀ ਸੀ ਜਿਨ੍ਹਾਂ ਨੂੰ ਵਾਪਸ ਭਾਰਤ ਭੇਜਣ ਦੀ ਲੋੜ ਸੀ।

ਉਧਰ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਨ ਕਿ ਭਾਰਤ ਗੈਰਕਾਨੂੰਨੀ ਪਰਵਾਸ ਦੀ ਵਕਾਲਤ ਨਹੀਂ ਕਰਦਾ ਹੈ। ਜੈਸ਼ੰਕਰ ਨੇ ਜਨਵਰੀ ਵਿਚ ਟਰੰਪ ਦੇ ਸਹੁੰ ਚੁੱਕ ਸਮਾਗਮ ਲਈ ਅਮਰੀਕਾ ਫੇਰੀ ਦੌਰਾਨ ਕਿਹਾ ਸੀ ਕਿ ਭਾਰਤ ਗੈਰਕਾਨੂੰਨੀ ਪਰਵਾਸ ਦਾ ਜ਼ੋਰਦਾਰ ਢੰਗ ਨਾਲ ਵਿਰੋਧ ਕਰਦਾ ਹੈ ਅਤੇ ਚਾਹੁੰਦਾ ਹੈ ਕਿ ਭਾਰਤੀ ਪ੍ਰਤਿਭਾ ਅਤੇ ਭਾਰਤੀ ਹੁਨਰ ਨੂੰ ਵਿਸ਼ਵ ਪੱਧਰ 'ਤੇ ਵੱਧ ਤੋਂ ਵੱਧ ਮੌਕੇ ਮਿਲਣ।



## ਟਰੰਪ ਦੀ ਦੇਸ਼ ਨਿਕਾਲਾ ਮੁਹਿੰਮ ਖਿਲਾਫ਼ ਅਮਰੀਕਾ 'ਚ ਪ੍ਰਦਰਸ਼ਨ



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਪਰਵਾਸੀਆਂ ਦੀ ਵੱਡੇ ਪੱਧਰ 'ਤੇ ਦੇਸ਼ ਨਿਕਾਲਾ ਮੁਹਿੰਮ ਦੇ ਵਿਰੋਧ 'ਚ ਐਤਵਾਰ ਨੂੰ ਦੱਖਣੀ ਕੈਲੀਫੋਰਨੀਆ 'ਚ ਹਜ਼ਾਰਾਂ ਲੋਕਾਂ ਨੇ ਰੋਸ ਮਾਰਚ ਕੀਤਾ। ਲਾਸ ਏਂਜਲਸ 'ਚ ਪ੍ਰਦਰਸ਼ਨਕਾਰੀਆਂ ਨੇ ਕਰੀਬ ਪੰਜ ਘੰਟੇ ਤੱਕ ਅਹਿਮ ਮਾਰਗ ਨੂੰ ਜਾਮ ਰੱਖਿਆ।

ਪ੍ਰਦਰਸ਼ਨਕਾਰੀ ਸਵੇਰੇ ਹੀ ਲਾਸ ਏਂਜਲਸ ਦੀ ਇਤਿਹਾਸਕ ਓਲਵੇਰਾ ਸਟਰੀਟ 'ਤੇ ਇਕੱਠੇ ਹੋਏ ਅਤੇ ਸਿਟੀ ਹਾਲ ਵੱਲ ਮਾਰਚ ਸ਼ੁਰੂ ਕੀਤਾ। ਉਨ੍ਹਾਂ ਹੱਥਾਂ 'ਚ 'ਕੋਈ ਵੀ ਗ਼ੈਰ-ਕਾਨੂੰਨੀਨਹੀਂ" ਵਰਗੇ ਬੈਨਰ ਫੜੇ ਹੋਏ ਸਨ ਅਤੇ ਉਹ ਇਮੀਗਰੇਸ਼ਨ ਸੁਧਾਰਾਂ ਨੂੰ ਲੈ ਕੇ ਨਾਅਰੇਬਾਜ਼ੀ ਕਰ ਰਹੇ ਸਨ। ਪ੍ਰਦਰਸ਼ਨਕਾਰੀਆਂ ਨੇ ਹੱਥਾਂ 'ਚ ਮੈਕਸਿਕੋ ਅਤੇ ਅਮਰੀਕਾ ਦੇ ਝੰਡੇ ਵੀ ਫੜੇ ਹੋਏ ਸਨ। ਇਕ ਬੈਨਰ 'ਤੇ 'ਇਮੀਗਰੈਂਟਸ ਮੇਕ ਅਮਰੀਕਾ ਗਰੇਟ' ਲਿਖਿਆ ਹੋਇਆ ਸੀ। ਦੁਪਹਿਰ ਤੱਕ ਪ੍ਰਦਰਸ਼ਨਕਾਰੀਆਂ ਨੇ ਯੂਐੱਸ 101 ਦੀਆਂ ਸਾਰੀਆਂ ਲੇਨਾਂ ਨੂੰ ਜਾਮ ਕਰ ਦਿੱਤਾ ਜਿਸ ਨਾਲ ਦੋਵੇਂ ਪਾਸਿਆਂ 'ਤੇ ਆਵਾਜਾਈ ਠੱਪ ਹੋ ਗਈ। ਕੈਲੀਫੋਰਨੀਆ ਹਾਈਵੇਅ ਪੈਟਰੋਲ ਅਤੇ ਲਾਸ ਏਂਜਲਸ ਪੁਲੀਸ ਵਿਭਾਗ ਨੇ ਕਿਹਾ ਕਿ ਕਿਸੇ ਵੀ ਪ੍ਰਦਰਸ਼ਨਕਾਰੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਰਿਵਰਸਾਈਡ ਸ਼ਹਿਰ 'ਚ ਵੀ ਸੈਂਕੜੇ ਲੋਕਾਂ ਨੇ ਪ੍ਰਦਰਸ਼ਨ ਕੀਤੇ। ਵਾਹਨ ਚਾਲਕਾਂ ਨੇ ਪ੍ਰਦਰਸ਼ਨਕਾਰੀਆਂ ਦੇ ਹੱਕ 'ਚ ਹਾਰਨ ਵਜਾਏ। ਸਾਂ ਡਿਏਗੋ 'ਚ ਸੈਂਕੜੇ ਲੋਕਾਂ ਨੇ ਸ਼ਹਿਰ ਦੇ ਕਨਵੈਨਸ਼ਨ ਸੈਂਟਰ ਨੇੜੇ ਪ੍ਰਦਰਸ਼ਨ ਕੀਤਾ। ਟੈਕਸਸ ਅਤੇ ਡੱਲਾਸ 'ਚ ਕਰੀਬ 1,600 ਵਿਅਕਤੀਆਂ ਨੇ ਰੈਲੀਆਂ ਕੀਤੀਆਂ।

## ਡਿਪੋਰਟ ਕੀਤੇ ਗਏ ਭਾਰਤੀ ਪਰਵਾਸੀਆਂ ਦਾ ਅਪਰਾਧਿਕ ਰਿਕਾਰਡ ਜਾਂਚਿਆ ਜਾਵੇਗਾ: ਡੀ.ਜੀ.ਪੀ

ਪੰਜਾਬ ਪੁਲੀਸ ਦੇ ਡੀ.ਜੀ.ਪੀ ਗੌਰਵ ਯਾਦਵ ਨੇ ਕਿਹਾ ਕਿ ਅਮਰੀਕਾ ਤੋਂ ਡਿਪੋਰਟ ਕੀਤੇ ਗਏ ਗੈਰਕਾਨੂੰਨੀ ਭਾਰਤੀ ਪਰਵਾਸੀਆਂ ਨਾਲ ਪੰਜਾਬ ਸਰਕਾਰ ਤੇ ਪੁਲਿਸ ਨਰਮੀ ਨਾਲ ਪੇਸ਼ ਆਵੇਗੀ ਤੇ ਦੋਸਤਾਨਾ ਰਵਈਆ ਰੱਖੇਗੀ, ਪਰ ਪੁਲਿਸ ਵਲੋਂ ਉਨ੍ਹਾਂ ਦਾ ਅਪਰਾਧਿਕ ਰਿਕਾਰਡ ਜਾਂਚਿਆ ਜਾਵੇਗਾ ਤੇ ਉਸ ਅਨੁਸਾਰ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਹਰੇਕ ਡਿਪੋਰਟ ਕੀਤੇ ਗਏ ਪਰਵਾਸੀ ਤੋਂ ਉਨ੍ਹਾਂ ਦੇ ਗੈਰਕਾਨੂੰਨੀ ਇਮੀਗ੍ਰੇਸ਼ਨ ਦੇ ਪਿਛੋਕੜ ਦੇ ਵੇਰਵੇ ਹਾਸਲ ਕਰਨ ਲਈ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਇੱਕ ਅਧਿਕਾਰੀ ਨੇ ਕਿਹਾ ਕਿ ਡਿਪੋਰਟ ਕੀਤੇ ਗਏ ਇਹ ਵਿਅਕਤੀ ਗੈਰਕਾਨੂੰਨੀ ਇਮੀਗ੍ਰੇਸ਼ਨ ਬਾਰੇ ਅਸਲ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ। ਜਿਸ ਰਾਹੀਂ ਪਤਾ ਲੱਗੇਗਾ ਕਿ ਡੰਕੀ ਰੂਟ ਜ਼ਰੀਏ ਟਰੈਵਲ ਏਜੰਟ ਲੋਕਾਂ ਨੂੰ ਕਿਵੇਂ ਲੁੱਟਦੇ ਹਨ।

ਡੀ.ਜੀ.ਪੀ ਯਾਦਵ ਨੇ ਕਿਹਾ, 'ਸਾਨੂੰ ਹਾਲੇ ਉਨ੍ਹਾਂ ਦੀ ਪਛਾਣ ਅਤੇ ਉਨ੍ਹਾਂ ਦੇ ਕੇਸਾਂ ਬਾਰੇ ਪਤਾ ਨਹੀਂ ਹੈ ਪਰ ਅਸੀਂ ਕੇਂਦਰੀ ਏਜੰਸੀਆਂ ਦੇ ਸੰਪਰਕ ਵਿੱਚ ਹਾਂ।' ਇਸ ਤੋਂ ਇਲਾਵਾ ਪੁਲਿਸ ਦੀਆਂ ਕੇਂਦਰੀ ਏਜੰਸੀਆਂ ਵੱਲੋਂ ਭਲਕ ਸਵੇਰੇ 8 ਵਜੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਉਤਰਨ ਵੇਲੇ ਪਰਵਾਸੀਆਂ ਤੋਂ ਪੁੱਛਗਿੱਛ ਕਰਨ ਅਤੇ ਉਨ੍ਹਾਂ ਦੇ ਬਿਆਨ ਦਰਜ਼ ਕਰਨ ਦੀ ਵੀ ਸੰਭਾਵਨਾ ਹੈ।

भारतीय भाषा संस्थान
CENTRAL INSTITUTE OF INDIAN LANGUAGES
Department of Higher Education, Ministry of Education
Government of India, Manasagangotri, Mysuru

Online Basic Courses in
BENGALI, KANNADA, MALAYALAM, MARATHI, ODIA, AND PUNJABI

Dear All, Namaskar!
We are happy to inform you that, Central Institute of Indian Languages (CIIL) in collaboration with the Indira Gandhi National Open University, offers Online Basic Courses in Bengali, Kannada, Malayalam, Marathi, Odia, and Punjabi.

Duration: 12 Weeks
Credit Point: 4

Link for Enrolment:
1. Bengali: https://onlinecourses.swayam2.ac.in/nou25_lg35/preview
2. Kannada: https://onlinecourses.swayam2.ac.in/nou25_lg33/preview
3. Malayalam: https://onlinecourses.swayam2.ac.in/nou25_lg32/preview
4. Marathi: https://onlinecourses.swayam2.ac.in/nou25_lg30/preview
5. Odia: https://onlinecourses.swayam2.ac.in/nou25_lg31/preview
6. Punjabi: https://onlinecourses.swayam2.ac.in/nou25_lg34/preview

We encourage you to take advantage of this wonderful opportunity to learn a new language.

Learn more Languages
Earn more Friends

SIKH
NATIONAL OPEN SCHOOL
ਵੱਲੋਂ Secondary level 'ਤੇ ਦੋ course
Economics ਅਤੇ Psychology
ਪੰਜਾਬੀ ਮੀਡੀਅਮ ਵਿੱਚ ਸ਼ੁਰੂ ਕੀਤੇ ਗਏ।
/SIKHFACTS /sikhfacts /sikh.facts

Don't UNDERSELL Your Home!
Call TEAM GET SOLD To Get The Maximum Value Your Home Deserves.
TEAM GET SOLD
"Hire Top Class Real Estate Professional Who Will Invest In Your Future"
Inder Arora Broker
Direct: 416.525.7400
Raman Kathuria Broker
RE/MAX GOLD REALTY INC., BROKERAGE
www.TeamGetSold.com

ਖੁਸ਼ਖ਼ਬਰੀ ! ਖੁਸ਼ਖ਼ਬਰੀ ! ਖੁਸ਼ਖ਼ਬਰੀ !
ਹੁਣ ਤੁਹਾਡੀ ਸੇਵਾ ਵਿੱਚ
BRAMPTON CASH & CARRY
ਇੱਕ ਨਵੀਂ ਬ੍ਰਾਂਚ ਬਹੁਤ ਜ਼ਲਦ ਖੁੱਲ ਰਹੀ ਹੈ
3643 Portage Rd, Niagara Falls
416-700-9100

# ਕੌਣ ਹੈ ਆਕਾਸ਼ ਬੋਬਾ ? ਐਲੋਨ ਮਸਕ ਦੇ D.O.G.E ਵਿੱਚ ਮਿਲੀ ਵੱਡੀ ਜ਼ਿੰਮੇਵਾਰੀ; ਭਾਰਤ ਨਾਲ ਹੈ ਖ਼ਾਸ ਰਿਸ਼ਤਾ

ਨਵੀਂ ਦਿੱਲੀ, 04 ਫਰਵਰੀ (ਜਸਵਿੰਦਰ ਸਿੰਘ ਬਿੱਟਾ)-ਟੇਸਲਾਦੇ ਸੀਈਓ ਇਸ ਸਮੇਂ ਯੂਐਸ ਡਿਪਾਰਟਮੈਂਟ ਆਫ਼ ਗਵਰਨਮੈਂਟ ਐਫੀਸ਼ੀਐਂਸੀ ਦੇ ਮੁਖੀ ਵਜੋਂ ਸੇਵਾ ਨਿਭਾਉਂਦੇ ਹਨ। ਐਲੋਨ ਮਸਕ ਨੇ ਛੇ ਨੌਜਵਾਨ ਇੰਜੀਨੀਅਰਾਂ ਦੀ ਇੱਕ ਟੀਮ ਨੂੰ ਸਰਕਾਰੀ ਕੁਸ਼ਲਤਾ ਵਿਭਾਗ ਵਿੱਚ ਮੁੱਖ ਅਹੁਦਿਆਂ 'ਤੇ ਨਿਯੁਕਤ ਕੀਤਾ ਹੈ।

ਵਾਇਰਡ ਦੀ ਇੱਕ ਰਿਪੋਰਟ ਦੇ ਅਨੁਸਾਰ, ਉਨ੍ਹਾਂ ਦੁਆਰਾ ਨਿਯੁਕਤ ਕੀਤੇ ਗਏ ਕੁਝ ਇੰਜੀਨੀਅਰਾਂ ਨੇ ਹੁਣੇ ਹੀ ਕਾਲਜ ਦੀ ਪੜ੍ਹਾਈ ਪੂਰੀ ਕੀਤੀ ਹੈ। ਟੀਮ ਵਿੱਚ ਐਡਵਰਡ ਕੋਰੀਸਟਾਈਨ, ਲੂਕ ਫੈਰੀਟਰ, ਗੌਟੀਅਰ ਕੋਲ ਕਿਲੀਅਨ, ਗੈਵਿਨ ਕਲਿਗਰ ਅਤੇ ਈਥਨ ਸ਼ੋਟਰਨ ਸ਼ਾਮਲ ਹਨ।

### ਭਾਰਤੀ ਮੂਲ ਦੇ ਇੰਜੀਨੀਅਰ ਵੀ ਸ਼ਾਮਲ ਸਨ

ਇਨ੍ਹਾਂ ਸਾਰੇ ਇੰਜੀਨੀਅਰਾਂ ਦੀ ਉਮਰ 19 ਤੋਂ 24 ਸਾਲ ਦੇ ਵਿਚਕਾਰ ਹੈ। ਕਿਹਾ ਜਾਂਦਾ ਹੈ ਕਿ ਉਨ੍ਹਾਂ ਵਿੱਚੋਂ ਕੁਝ ਨੇ ਹੁਣੇ ਹੀ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ ਹੈ, ਜਦੋਂ ਕਿ ਇੱਕ ਅਜੇ ਵੀ ਵਿਦਿਆਰਥੀ ਹੈ। ਇਨ੍ਹਾਂ ਵਿੱਚ ਭਾਰਤੀ ਮੂਲ ਦਾ ਆਕਾਸ਼ ਬੋਬਾ ਵੀ ਸ਼ਾਮਲ ਹੈ।

### ਮਸਕ ਨੇ ਨੌਜਵਾਨ ਨੂੰ ਕਿਸ ਅਹੁਦੇ 'ਤੇ ਨਿਯੁਕਤ ਕੀਤਾ ?

ਦਰਅਸਲ, ਇਹ ਇੰਜੀਨੀਅਰ ਹੁਣ ਦਫਤਰ ਪਰਸੋਨਲ ਮੈਨੇਜਮੈਂਟ (OPM) ਅਤੇ ਜਨਰਲ ਸਰਵਿਸਿਜ਼ ਐਡਮਿਨਿਸਟਰੇਸ਼ਨ (GSA) ਵਿੱਚ ਕਈ ਮਹੱਤਵਪੂਰਨ ਅਹੁਦਿਆਂ 'ਤੇ ਤਾਇਨਾਤ ਹਨ। ਇੱਥੇ ਇਨ੍ਹਾਂ ਇੰਜੀਨੀਅਰਾਂ ਕੋਲ ਸੰਵੇਦਨਸ਼ੀਲ ਸਰਕਾਰੀ ਡੇਟਾ ਤੱਕ ਪਹੁੰਚ ਹੈ। ਕੁਝ ਮਾਹਿਰਾਂ ਨੇ ਇਨ੍ਹਾਂ ਇੰਜੀਨੀਅਰਾਂ ਦੀ ਨਿਯੁਕਤੀ 'ਤੇ ਚਿੰਤਾ ਪ੍ਰਗਟ ਕੀਤੀ ਹੈ। ਉਸਦਾ ਮੰਨਣਾ ਹੈ ਕਿ ਸਰਕਾਰੀ ਮਾਮਲਿਆਂ ਅਤੇ ਮਹੱਤਵਪੂਰਨ ਡੇਟਾ ਨੂੰ ਸੰਭਾਲਣ ਵਿੱਚ ਤਜਰਬੇ ਦੀ ਘਾਟ ਸਮੱਸਿਆਵਾਂ ਪੈਦਾ ਕਰ ਸਕਦੀ ਹੈ।





### ਜਾਣੋ ਆਕਾਸ਼ ਬੋਬਾ ਕੌਣ ਹੈ ?

ਭਾਰਤੀ ਮੂਲ ਦੇ ਆਕਾਸ਼ ਬੋਬਾ ਨੇ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਤੋਂ ਪੜ੍ਹਾਈ ਕੀਤੀ ਹੈ। ਇੱਥੇ ਆਕਾਸ਼ ਮੈਨੇਜਮੈਂਟ, ਐਂਟਰਪ੍ਰਨਿਓਰਸ਼ਿਪ ਐਂਡ ਟੈਕਨਾਲੋਜੀ (MET) ਪ੍ਰੋਗਰਾਮ ਦਾ ਹਿੱਸਾ ਸੀ। ਇਹ ਭਵਿੱਖ ਦੇ ਤਕਨੀਕੀ ਉਦਯੋਗ ਦੇ ਆਗੂਆਂ ਲਈ ਤਿਆਰ ਕੀਤਾ ਗਿਆ ਸੀ। ਇਹ ਜਾਣਕਾਰੀ ਉਸਦੇ ਲਿੰਕਡਇਨ ਖਾਤੇ ਦੇ ਅਨੁਸਾਰ ਹੈ। ਇਹ ਖਾਤਾ ਹੁਣ ਮਿਟਾ ਦਿੱਤਾ ਗਿਆ ਹੈ। DOGE ਦਾ ਹਿੱਸਾ ਬਣਨ ਤੋਂ ਪਹਿਲਾਂ, 22 ਸਾਲਾ ਆਕਾਸ਼ ਬੋਬਾ ਨੇ ਪਲੈਂਟਿਰ ਅਤੇ ਹੇਜ ਫੰਡ ਬ੍ਰਿਜਵਾਟਰ ਐਸੋਸੀਏਟਸ ਵਿੱਚ ਇੰਟਰਨਸ਼ਿਪ ਕੀਤੀ। ਇੱਥੇ ਉਸਨੇ ਏਆਈ, ਡੇਟਾ ਵਿਸ਼ਲੇਸ਼ਣ ਅਤੇ ਵਿੱਤੀ ਮਾਡਲਿੰਗ ਵਿੱਚ ਵੀ ਕੰਮ ਕੀਤਾ ਹੈ।

### ਬੌਬਾ ਨੂੰ ਕਿਹੜੀ ਜ਼ਿੰਮੇਵਾਰੀ ਮਿਲੀ ?

*ਵਰਤਮਾਨ ਵਿੱਚ, ਬੌਬਾ ਹੁਣ OPM ਵਿਖੇ ਇੱਕ ਸਪੈਸ਼ਲਿਸਟ ਵਜੋਂ ਸੂਚੀਬੱਧ ਹੈ, ਜੋ ਸਿੱਧੇ ਤੌਰ 'ਤੇ DOGE ਦੇ ਨਵੇਂ ਚੀਫ਼ ਆਫ਼ ਸਟਾਫ਼ ਅਤੇ xAI ਅਤੇ Uber ਵਿਖੇ ਸਾਬਕਾ ਟੈਲੇਂਟ ਐਕਵਿਜ਼ੀਸ਼ਨ ਹੈੱਡ, ਅਮਾਂਡਾ ਸਕੇਲਸ ਨੂੰ ਰਿਪੋਰਟ ਕਰਦੀ ਹੈ। ਵਾਇਰਡ ਦੀ ਇੱਕ ਰਿਪੋਰਟ ਦੇ ਅਨੁਸਾਰ, ਆਕਾਸ਼ ਬੋਬਾ ਕੋਲ ਇੱਕ ਸਰਗਰਮ GSA ਈਮੇਲ ਅਤੇ A-ਸੂਟਪੱਧਰ ਦੀ ਕਲੀਅਰੈਂਸ ਹੈ, ਜਿਸ ਨਾਲ ਉਸਨੂੰ GSA ਦੇ ਸਾਰੇ ਭੌਤਿਕ ਸਥਾਨਾਂ ਅਤੇ IT ਪ੍ਰਣਾਲੀਆਂ ਤੱਕ ਪਹੁੰਚ ਮਿਲਦੀ ਹੈ।*

---

# ਖੁਸ਼ਖਬਰੀ : ਕੈਨੇਡਾ ਨੇ ਭਾਰਤੀਆਂ ਸਮੇਤ ਹੁਨਰਮੰਦ ਕਾਮਿਆਂ ਲਈ 2 ਨਵੇਂ PR ਰੂਟ ਖੋਲ੍ਹੇ

ਕੈਨੇਡਾ 4 ਫ਼ਰਵਰੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਕੈਨੇਡਾ ਵਿੱਚ ਸਥਾਈ ਤੌਰ 'ਤੇ ਵਸਣ ਦੇ ਚਾਹਵਾਨ ਭਾਰਤੀਆਂ ਲਈ ਖੁਸ਼ਖਬਰੀ ਹੈ, ਖਾਸ ਕਰਕੇ ਉਨ੍ਹਾਂ ਲਈ ਜੋ ਫਰੈਂਚ ਬੋਲਦੇ ਹਨ। ਕੈਨੇਡਾ ਨੇ ਸ਼ੁੱਕਰਵਾਰ ਨੂੰ ਪੇਂਡੂ ਖੇਤਰਾਂ ਅਤੇ ਫ ?ਰੈਂਚੋਫੋਨ ਘੱਟ ਗਿਣਤੀ ਭਾਈਚਾਰਿਆਂ ਵੱਲ ਹੁਨਰਮੰਦ ਕਾਮਿਆਂ ਨੂੰ ਆਕਰਸ਼ਿਤ ਕਰਨ ਲਈ 2 ਨਵੇਂ ਇਮੀਗ੍ਰੇਸ਼ਨ ਪ੍ਰੋਗਰਾਮ ਪੇਸ਼ ਕੀਤੇ। ਸ਼ੁੱਕਰਵਾਰ ਨੂੰ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਦੁਆਰਾ ਐਲਾਨੇ ਗਏ ਰੂਰਲ ਕਮਿਊਨਿਟੀ ਇਮੀਗ੍ਰੇਸ਼ਨ ਪਾਇਲਟ ਤੇ ਫਰੈਂਕੋਫੋਨ ਕਮਿਊਨਿਟੀ ਇਮੀਗ੍ਰੇਸ਼ਨ ਪਾਇਲਟ 18 ਚੁਣੇ ਹੋਏ ਭਾਈਚਾਰਿਆਂ ਵਿੱਚ ਮੁੱਖ ਨੌਕਰੀਆਂ ਨੂੰ ਭਰਨ ਵਾਲੇ ਕਾਮਿਆਂ ਲਈ ਸਥਾਈ ਨਿਵਾਸ ਦਾ ਰਸਤਾ ਪ੍ਰਦਾਨ ਕਰਦੇ ਹਨ। ਇਹ ਪਾਇਲਟ ਪ੍ਰੋਗਰਾਮ ਅਜਿਹੇ ਸਮੇਂ ਸ਼ੁਰੂ ਕੀਤੇ ਜਾ ਰਹੇ ਹਨ, ਜਦੋਂ ਸਰਕਾਰ ਮੌਜੂਦਾ ਇਮੀਗ੍ਰੇਸ਼ਨ ਪਾਇਲਟ ਪ੍ਰੋਗਰਾਮ ਨੂੰ ਇਕ ਸਥਾਈ ਪ੍ਰੋਗਰਾਮ ਬਣਾਉਣ ਲਈ ਕੰਮ ਕਰ ਰਹੀ ਹੈ।

ਰੂਰਲ ਕਮਿਊਨਿਟੀ ਇਮੀਗ੍ਰੇਸ਼ਨ ਪਾਇਲਟ ਸਥਾਨਕ ਕਾਰੋਬਾਰਾਂ ਨੂੰ ਹੁਨਰਮੰਦ ਕਾਮਿਆਂ ਨਾਲ ਜੋੜ ਕੇ ਮਜ਼ਦੂਰਾਂ ਦੀ ਘਾਟ ਦਾ ਸਾਹਮਣਾ ਕਰ ਰਹੇ ਪੇਂਡੂ ਭਾਈਚਾਰਿਆਂ ਦੀ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ। ਕਈ ਛੋਟੇ ਸ਼ਹਿਰਾਂ ਨੂੰ ਕਾਮਿਆਂ ਨੂੰ ਆਕਰਸ਼ਿਤ ਕਰਨਾ ਅਤੇ ਉਨ੍ਹਾਂ ਨੂੰ ਬਰਕਰਾਰ ਰੱਖਣਾ ਮੁਸ਼ਕਲ ਲੱਗਦਾ ਹੈ, ਜਿਸ ਨਾਲ ਆਰਥਿਕ ਵਿਕਾਸ ਵਿੱਚ ਰੁਕਾਵਟ ਪੈਂਦੀ ਹੈ। ਇਹ ਪਾਇਲਟ ਪ੍ਰੋਗਰਾਮ ਉਨ੍ਹਾਂ ਖੇਤਰਾਂ ਵਿੱਚ ਇਮੀਗ੍ਰੇਸ਼ਨ ਦਾ ਸਮਰਥਨ ਕਰਦਾ ਹੈ ਜਿੱਥੇ ਕਾਮਿਆਂ ਦੀ ਸਭ ਤੋਂ ਵੱਧ ਲੋੜ ਹੈ ਫਰੈਂਕੋਫੋਨ ਕਮਿਊਨਿਟੀ ਇਮੀਗ੍ਰੇਸ਼ਨ ਪਾਇਲਟ ਕਿਊਬੈਕ ਤੋਂ ਬਾਹਰ ਫਰੈਂਕੋਫੋਨ ਘੱਟ ਗਿਣਤੀ ਭਾਈਚਾਰਿਆਂ ਵਿੱਚ ਫਰੈਂਚ ਬੋਲਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਧਾਉਣ 'ਤੇ ਕੇਂਦ੍ਰਿਤ ਹੈ। ਇਨ੍ਹਾਂ ਭਾਈਚਾਰਿਆਂ ਦੀ ਗਿਣਤੀ ਵਧਾ ਕੇ ਕੈਨੇਡਾ ਇਨ੍ਹਾਂ ਭਾਈਚਾਰਿਆਂ ਦੀ ਭਾਸ਼ਾਈ ਅਤੇ ਸੱਭਿਆਚਾਰਕ ਪਛਾਣ ਨੂੰ ਬਣਾਈ ਰੱਖਣ ਦੀ ਉਮੀਦ ਕਰਦਾ ਹੈ। ਤੁਹਾਨੂੰ ਦੱਸ ਦੇਈਏ ਕਿ ਕੈਨੇਡੀਅਨ ਲੈਂਗੂਏਜ ਬੈਂਚਮਾਰਕ ਇੱਕ ਪ੍ਰਮਾਣਿਤ ਪ੍ਰਣਾਲੀ ਹੈ ਜੋ ਕੈਨੇਡਾ ਵਿੱਚ ਪ੍ਰਵਾਸੀਆਂ, ਕਾਮਿਆਂ ਅਤੇ ਵਿਦਿਆਰਥੀਆਂ ਲਈ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦਾ ਮੁਲਾਂਕਣ ਕਰਨ ਲਈ ਵਰਤੀ ਜਾਂਦੀ ਹੈ।




### ਇਹਨਾਂ ਪਾਇਲਟ ਪ੍ਰੋਗਰਾਮਾਂ ਦੇ ਤਹਿਤ ਸਥਾਈ ਨਿਵਾਸ ਲਈ ਕੁਆਲੀਫਾਈ ਕਰਨ ਲਈ, ਉਮੀਦਵਾਰਾਂ ਨੂੰ ਇਹ ਕਰਨਾ ਪਵੇਗਾ-

*ਭਾਗ ਲੈਣ ਵਾਲੇ ਭਾਈਚਾਰੇ ਵਿੱਚ ਕਿਸੇ ਨਾਮਜ਼ਦ ਮਾਲਕ ਤੋਂ ਇੱਕ ਵੈਧ ਨੌਕਰੀ ਦੀ ਪੇਸ਼ਕਸ਼ ਪ੍ਰਾਪਤ ਕਰੋ। ਕੰਮ ਦੇ ਤਜਰਬੇ ਦੀਆਂ ਜ਼ਰੂਰਤਾਂ ਨੂੰ ਪੂਰਾ ਕਰੋ (ਘੱਟੋ ਘੱਟ ਇੱਕ ਸਾਲ ਜਾਂ ਪਿਛਲੇ ਤਿੰਨ ਸਾਲਾਂ ਵਿੱਚ 1,560 ਘੰਟੇ) ਭਾਸ਼ਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰੋ (ਉੱਚ-ਹੁਨਰਮੰਦਨੌਕਰੀਆਂ ਲਈ C.L.B F, ਘੱਟ-ਹੁਨਰਮੰਦ ਨੌਕਰੀਆਂ ਲਈ C.L.BD) ਜੇਕਰ ਤੁਸੀਂ ਕੈਨੇਡਾ ਤੋਂ ਬਾਹਰ ਪੜ੍ਹਾਈ ਕੀਤੀ ਹੈ ਤਾਂ ਸਿੱਖਿਆ ਪ੍ਰਮਾਣ ਪੱਤਰ ਮੁਲਾਂਕਣ (E.C.A) ਪ੍ਰਦਾਨ ਕਰੋ। ਆਪਣੇ ਅਤੇ ਆਪਣੇ ਪਰਿਵਾਰ ਦੇ ਸਮਰਥਨ ਲਈ ਸੈਟਲਮੈਂਟ ਫੰਡਾਂ ਦਾ ਸਬੂਤ ਦਿਖਾਓ।*

# BRAMPTON CASH AND CARRY

| | |
|---|---|
| WHOLESALER | IMPORTER |
| DISTRIBUTOR | RETAILER |

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

**905-230-4800**

**100 Kennedy Road S., Brampton, ON L6W 3E7**

HURRY!

SPECIAL OFFER

BRAMPTON CASH & CARRY
Importer | Wholesaler | Retailer

WHITE ONION– 50 POUND

22 $




BUY NOW

T&C APPLY

100 Kennedy Rd S,
Brampton, ON L6W 3E7, Canada

905-230-4800

HURRY!

SPECIAL OFFER

BRAMPTON CASH & CARRY
Importer | Wholesaler | Retailer

BRAR BESAN SUPER FINE

9.99 $




BRAR SWEET CORN FLOUR




4.99 $

SHER WHITE WHOLE WHEAT ATTA

15.99 $




BUY NOW

T&C APPLY

100 Kennedy Rd S,
Brampton, ON L6W 3E7, Canada

905-230-4800


GRAND
OPENING
3643 PORTAGE RD, NIAGARA FALLS
CONTACT: +1 (416)700-9100
COMING
SOON
BRAMPTON CASH
AND CARRY
BRAMPTON
CASH & CARRY
IMPORTER | WHOLESALER | RETAILER
OPEN EVERYDAY FROM
9:00 AM TO 9:00 PM


Weight
10 Pond
Price
$5.99
BRAMPTON
CASH & CARRY
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800